Start Your OWN HOTEL
The Land is Your Project Ours
Contact Us 9814400833



ਸੱਚ ਤੇ ਨਿਡਰ ਆਵਾਜ਼ ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਐਤਵਾਰ, 15 ਦਸੰਬਰ 2024
Email:- lokbani08@gmail.com

TOURIST VISA USA CANADA
SCHENGEN/ UK AUSTRALIA/ NZ
4651 VISA
1 ਜਨਵਰੀ 2024 ਤੋਂ 30 ਨਵੰਬਰ 2024 ਤੱਕ ਲੱਗੇ
easyvisa 8283 000800

R. N. I. Punpun/29016/2008 ✶ ਸਾਲ 16 , ✶ ਅੰਕ : 125, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181-2211009 ✶ M : 99155-94111


TOURIST VISA USA CANADA
SCHENGEN/ UK AUSTRALIA/ NZ
4651 VISA
1 ਜਨਵਰੀ 2024 ਤੋਂ 30 ਨਵੰਬਰ 2024 ਤੱਕ ਲੱਗ ਚੁੱਕੇ ਹਨ
easyvisa | 8283 000800

## ਕਰਾਚੀ ਉਤਾਰੀਆਂ ਗਿਆ ਸਾਊਦੀ ਅਰਬ ਜਾ ਰਿਹਾ ਜਹਾਜ਼



**ਕਰਾਚੀ, ਲੋਕ ਬਾਣੀ-** ਨਵੀਂ ਦਿੱਲੀ ਤੋਂ ਸਾਊਦੀ ਅਰਬ ਦੇ ਜੇਦਾਹ ਜਾ ਰਹੀ ਇੰਡੀਗੋ ਦੀ ਉਡਾਣ ਨੂੰ ਅੱਜ ਪਾਕਿਸਤਾਨ ਦੇ ਕਰਾਚੀ ਸ਼ਹਿਰ ਦੇ ਜਿਨਾਹ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਮੈਡੀਕਲ ਐਮਰਜੈਂਸੀ ਕਾਰਨ ਐਮਰਜੈਂਸੀ ਲੈਂਡਿੰਗ ਕਰਨੀ ਪਈ। ਸਿਵਲ ਏਵੀਏਸ਼ਨ ਅਥਾਰਟੀ (ਸੀਏਏ) ਦੇ ਸੂਤਰਾਂ ਅਨੁਸਾਰ ਨਵੀਂ ਦਿੱਲੀ ਤੋਂ ਰਵਾਨਾ ਹੋਇਆ ਇਹ ਜਹਾਜ਼ ਪਾਕਿਸਤਾਨੀ ਹਵਾਈ ਖੇਤਰ ਵਿੱਚ ਪੁੱਜਿਆ ਹੀ ਸੀ ਕਿ ਇੱਕ ਯਾਤਰੀ ਦੀ ਹਾਲਤ ਗੰਭੀਰ ਹੋ ਗਈ। ਜੀਓ ਨਿਊਜ਼ ਮੁਤਾਬਕ 55 ਸਾਲਾ ਭਾਰਤੀ ਦੀ ਸਿਹਤ ਵਿਗੜਨ ਕਾਰਨ ਇੰਡੀਗੋ ਦੀ ਉਡਾਣ ਨੂੰ ਹੰਗਾਮੀ ਹਾਲਤ ਵਿਚ ਉਤਰਨਾ ਪਿਆ।

## ਰਾਜਸਥਾਨ ਚ ਸੀਤ ਲਹਿਰ ਕਾਰਨ ਹਾਲਾਤ ਭਾਰੀ ਠੰਢ ਵਾਲੇ



**ਜੈਪੁਰ, ਲੋਕ ਬਾਣੀ** - ਰਾਜਸਥਾਨ ਦੇ ਕਈ ਇਲਾਕਿਆਂ 'ਚ ਠੰਡ ਦਾ ਕਹਿਰ ਜਾਰੀ ਹੈ, ਸੀਕਰ ਜ਼ਿਲ੍ਹੇ ਦੇ ਫਤਿਹਪੁਰ 'ਚ ਸਭ ਤੋਂ ਘੱਟ ਤਾਪਮਾਨ ਮਨਫੀ 1.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਭਾਰਤੀ ਮੌਸਮ ਵਿਭਾਗ (9$4) ਦੇ ਅਨੁਸਾਰ ਸ਼ੁੱਕਰਵਾਰ ਰਾਤ ਨੂੰ ਰਾਜ ਦੇ ਕਈ ਹਿੱਸਿਆਂ ਵਿੱਚ ਸੀਤ ਲਹਿਰ ਦੇ ਹਾਲਾਤ ਦਰਜ ਕੀਤੇ ਗਏ।

ਕਰੌਲੀ 'ਚ ਘੱਟੋ-ਘੱਟ ਤਾਪਮਾਨ 1.9 ਡਿਗਰੀ ਸੈਲਸੀਅਸ, ਚੁਰੂ 'ਚ 2.4 ਡਿਗਰੀ, ਭੀਲਵਾੜਾ 'ਚ 2.6 ਡਿਗਰੀ, ਸਿਰੋਹੀ 'ਚ 3.0 ਡਿਗਰੀ, ਚਿਤੌੜਗੜ੍ਹ 'ਚ 3.2 ਡਿਗਰੀ, ਪਿਲਾਨੀ 'ਚ 4.0 ਡਿਗਰੀ, ਜੈਪੁਰ 'ਚ 4.5 ਡਿਗਰੀ ਅਤੇ ਸੰਗਰੀਆ 'ਚ 4.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਦੇਸ਼ ਦੀ ਰਾਜਧਾਨੀ ਦੇ ਛੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ



**ਦਿੱਲੀ, ਲੋਕ ਬਾਣੀ**-ਇੱਥੋਂ ਦੇ ਛੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਅੱਜ ਧਮਕੀ ਮਿਲੀ। ਅਧਿਕਾਰੀਆਂ ਨੇ ਦੱਸਿਆ ਕਿ ਕੌਮੀ ਰਾਜਧਾਨੀ ਦੇ ਸਕੂਲਾਂ ਨੂੰ ਇਸ ਹਫ਼ਤੇ ਧਮਕੀ ਭਰੇ ਈਮੇਲ ਭੇਜੇ ਜਾਣ ਦੀ ਇਹ ਤੀਜੀ ਘਟਨਾ ਹੈ।

ਦਿੱਲੀ ਫਾਇਰ ਸਰਵਿਸਿਜ਼ ਦੇ ਇੱਕ ਅਧਿਕਾਰੀ ਨੇ ਦੱਸਿਆ, 'ਸਾਨੂੰ ਸਵੇਰੇ 6:09 ਵਜੇ ਦਿੱਲੀ ਪਬਲਿਕ ਸਕੂਲ, ਆਰਕੇ ਪੁਰਮ ਵਿੱਚ ਬੰਬ ਦੀ ਧਮਕੀ ਬਾਰੇ ਇੱਕ ਫੋਨ ਆਇਆ।' ਅਧਿਕਾਰੀ ਨੇ ਦੱਸਿਆ ਕਿ ਅੱਗ ਬੁਝਾਊ ਵਿਭਾਗ, ਸਥਾਨਕ ਪੁਲੀਸ, ਡੌਗ ਸਕੁਐਡ ਅਤੇ ਬੰਬ ਨਿਰੋਧਕ ਟੀਮਾਂ ਸਕੂਲ ਪਹੁੰਚੀਆਂ ਅਤੇ ਤਲਾਸ਼ੀ ਮੁਹਿੰਮ ਚਲਾਈ।

## ਹਿਮਾਚਲ ਦੇ ਮੁੱਖ ਮੰਤਰੀ ਜੰਗਲੀਂ ਮੁਰਗੇ ਮਾਮਲੇ ਵਿੱਚ ਵਿਵਾਦਾਂ ਚ ਘਿਰੇ



**ਸ਼ਿਮਲਾ, ਲੋਕ ਬਾਣੀ**-ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ ਦੀ ਸ਼ਿਮਲਾ ਵਿੱਚ ਇੱਕ ਸਮਾਗਮ ਵਿੱਚ ਸ਼ਮੂਲੀਅਤ ਕਾਰਨ ਵਿਵਾਦ ਪੈਦਾ ਹੋ ਗਿਆ ਹੈ, ਕਿਉਂਕਿ ਇਸ ਸਮਾਗਮ ਦੇ ਮਹਿਮਾਨਾਂ ਨੂੰ ਦਿੱਤੇ ਜਾਣ ਵਾਲੀ ਖਾਣਾ ਸੂਚੀ ਵਿਚ 1972 ਦੇ ਜੰਗਲੀ ਜੀਵ ਸੁਰੱਖਿਆ ਐਕਟ ਦੇ ਤਹਿਤ ਰੋਕ ਲਾਇਆ 'ਜੰਗਲੀ ਚਿਕਨ' ਕਥਿਤ ਤੌਰ 'ਤੇ ਸ਼ਾਮਲ ਸੀ। ਇਹ ਘਟਨਾ ਜੋ ਕਿ ਇੱਕ ਜਾਨਵਰ ਕਲਿਆਣ ਸੰਗਠਨ ਦੁਆਰਾ ਸਾਂਝੀ ਕੀਤੀ ਗਈ ਇੱਕ ਕਥਿਤ ਵੀਡੀਓ ਰਾਹੀਂ ਸਾਹਮਣੇ ਆਈ ਸੀ

## ਕਾਂਗਰਸ ਨੂੰ ਇੰਡੀਆ ਗੱਠਜੋੜ ਦੇ ਨੇਤਾ ਵਜੋਂ ਆਪਣੀ ਥਾਂ ਬਣਾਵੇ --ਉਮਰ ਅਬਦੁੱਲਾ



**ਨਵੀਂ ਦਿੱਲੀ,ਲੋਕ ਬਾਣੀ**-ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵਿਰੋਧੀ ਗੱਠਜੋੜ 'ਇੰਡੀਆ' ਵਿੱਚ ਕਾਂਗਰਸ ਨੂੰ ਲੈ ਕੇ ਹੋਰ ਮੈਂਬਰ ਪਾਰਟੀਆਂ ਵਿੱਚ ਵਧ ਰਹੇ ਅਸੰਤੋਸ਼ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਉਸ ਨੂੰ ਗੱਠਜੋੜ ਦੇ ਨੇਤਾ ਵਜੋਂ ਆਪਣੀ ਥਾਂ ਬਣਾਉਣੀ ਚਾਹੀਦੀ ਹੈ ਨਾ ਕਿ ਇਸ ਨੂੰ ਹਲਕੇ 'ਚ ਲੈਣਾ ਚਾਹੀਦਾ ਹੈ। ਅਬਦੁੱਲਾ ਨੇ ਕਾਂਗਰਸ ਦੀ ਪੂਰੇ ਦੇਸ਼ ਵਿੱਚ ਪਹੁੰਚ ਅਤੇ ਸੰਸਦ ਵਿੱਚ ਸਭ ਤੋਂ ਵੱਡੀ ਵਿਰੋਧੀ ਧਿਰ ਵਜੋਂ ਇਸ ਦੀ ਅਹਿਮ ਸਥਿਤੀ ਨੂੰ ਸਵੀਕਾਰ ਕੀਤਾ। ਉਨ੍ਹਾਂ ਨਾਲ ਹੀ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਸ ਨੂੰ ਅਗਵਾਈ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਹਲਕੇ ਵਿੱਚ ਨਹੀਂ ਲਿਆ ਜਾ ਸਕਦਾ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਕਾਂਗਰਸ ਨੂੰ ਜੰਮੂ-ਕਸ਼ਮੀਰ ਵਿੱਚ ਸੂਬੇ ਦਾ ਦਰਜਾ ਬਹਾਲ ਕਰਨ ਦਾ ਮੁੱਦਾ ਉਠਾਉਣਾ ਚਾਹੀਦਾ ਹੈ।

## ਠੰਢ 'ਚ ਭੁੱਖ ਹੜਤਾਲ 'ਤੇ ਡਟੇ ਕੰਪਿਊਟਰ ਅਧਿਆਪਕ



**ਸੰਗਰੂਰ, ਲੋਕ ਬਾਣੀ-** ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਕੰਪਿਊਟਰ ਅਧਿਆਪਕ 104ਵੇਂ ਦਿਨ ਲੜੀਵਾਰ ਭੁੱਖ ਹੜਤਾਲ 'ਤੇ ਡਟੇ ਹੋਏ ਹਨ। ਜਿਉਂ ਜਿਉਂ ਠੰਢ ਜ਼ੋਰ ਫੜਦੀ ਜਾ ਰਹੀ ਹੈ ਤਿਉਂ ਤਿਉਂ ਭੁੱਖ ਹੜਤਾਲ ਦੇ ਦਿਨ ਵੀ ਵਧਦੇ ਜਾ ਰਹੇ ਹਨ। ਅੱਜ 104ਵੇਂ ਦਿਨ ਕੰਪਿਊਟਰ ਅਧਿਆਪਕ ਇਕਬਾਲ ਸਿੰਘ ਮੋਗਾ ਭੁੱਖ ਹੜਤਾਲ 'ਤੇ ਬੈਠੇ। ਸੰਘਰਸ਼ ਨੂੰ ਤਿੱਖਾ ਰੂਪ ਦੇਣ ਲਈ ਕੰਪਿਊਟਰ ਅਧਿਆਪਕਾਂ ਵਲੋਂ ਭਲਕੇ 14 ਦਸੰਬਰ ਨੂੰ ਮੁੱਖ ਮੰਤਰੀ ਦੀ ਕੋਠੀ ਅੱਗੇ ਸੂਬਾ ਪੱਧਰੀ ਰੋਸ ਰੈਲੀ ਕੀਤੀ ਜਾ ਰਹੀ ਹੈ

## ਦੇਖ ਲੋ ਹਾਲ ਸਰਕਾਰੀ ਹਸਪਤਾਲ ਦਾ ਚੂਹੇ ਨੇ ਬੱਚੇ ਨੂੰ ਕੱਟਿਆ ਬੱਚੇ ਦੀ ਹੋਈ ਮੌਤ



**ਜੈਪੁਰ, ਲੋਕ ਬਾਣੀ**-ਸਰਕਾਰੀ ਹਸਪਤਾਲ ਵਿੱਚ ਕੈਂਸਰ ਦਾ ਇਲਾਜ ਕਰਵਾ ਰਹੇ 10 ਸਾਲਾ ਬੱਚੇ ਨੂੰ ਕਥਿਤ ਤੌਰ 'ਤੇ ਚੂਹੇ ਨੇ ਉਸ ਦੇ ਇੱਕ ਅੰਗੂਠੇ 'ਤੇ ਕੱਟ ਲਿਆ। ਹਸਪਤਾਲ ਦੇ ਇਕ ਅਧਿਕਾਰੀ ਨੇ ਸ਼ਨਿੱਚਰਵਾਰ ਨੂੰ ਦੱਸਿਆ ਕਿ ਉਸ ਦੀ ਮੌਤ ਹੋ ਗਈ ਹੈ। ਜਦੋਂ ਕਿ ਸਟੇਟ ਕੈਂਸਰ ਇੰਸਟੀਚਿਊਟ, ਜਿੱਥੇ ਲੜਕੇ ਨੂੰ 11 ਦਸੰਬਰ ਨੂੰ ਦਾਖਲ ਕਰਵਾਇਆ ਗਿਆ ਸੀ, ਨੇ ਕਿਹਾ ਕਿ ਮੌਤ ਸੈਪਟਸੀਮੀਆ ਸਦਮਾ ਅਤੇ ਉੱਚ ਸੰਕਰਮਣ ਕਾਰਨ ਹੋਈ ਹੈ ਨਾ ਕਿ ਚੂਹੇ ਦੇ ਕੱਟਣ ਨਾਲ। ਰਾਜਸਥਾਨ ਸਰਕਾਰ ਨੇ ਮਾਮਲੇ ਦੀ ਜਾਂਚ ਲਈ ਇੱਕ ਕਮੇਟੀ ਦਾ ਗਠਨ ਕੀਤਾ ਹੈ।

## ਕਿਸਾਨ ਨੇਤਾ ਡੱਲੇਵਾਲ ਬੋਲੇ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਜਾਨ ਵੱਧ ਕੀਮਤੀ ਹੈ




**ਚੰਡੀਗੜ੍ਹ, ਵਿਨੋਦ ਸ਼ਰਮਾ**-ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਅੱਜ 19ਵੇ ਦਿਨ ਵੀ ਜਾਰੀ ਰਿਹਾ। ਉਨ੍ਹਾਂ ਨੇ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ 'ਤੇ ਪਿੰਡ ਢਾਬੀ ਗੁਜਰਾਂ ਬਾਰਡਰ 'ਤੇ ਕਿਸਾਨ ਮੋਰਚੇ ਵਿੱਚ ਮਰਨ ਵਰਤ ਰੱਖਿਆ ਹੋਇਆ ਹੈ। ਹਾਲਤ ਚਿੰਤਾਜਨਕ ਹੋਣ ਦੇ ਬਾਵਜੂਦ ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਜਾਨ ਨਾਲੋਂ ਵੱਧ ਕੀਮਤੀ ਜਾਨ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਸੀ। ਇਸ ਦੌਰਾਨ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ 'ਤੇ ਨਜ਼ਰ ਰੱਖ ਰਹੀ ਡਾਕਟਰਾਂ ਦੀ ਟੀਮ ਨੂੰ ਉਸ ਸਮੇਂ ਹੱਥਾਂ ਪੈਰਾਂ ਦੀ ਪੈ ਗਈ ਜਦੋਂ ਇਸ ਕਿਸਾਨ ਆਗੂ ਨੂੰ ਬਾਹਰ ਲੋਕਾਂ ਦੇ ਦਰਸ਼ਨ ਲਈ ਪੰਡਾਲ ਵਿੱਚ ਲਿਆਂਦਾ ਗਿਆ। ਇਸ ਦੌਰਾਨ ਉਨ੍ਹਾਂ ਦਾ ਬਲੱਡ ਪ੍ਰੈਸ਼ਰ 78/48 ਤੱਕ ਪਹੁੰਚ ਗਿਆ ਸੀ ਜੋ ਕਿ ਕਾਫ਼ੀ ਘੱਟ ਸੀ।

B.N REAL ESTATE
( ਪ੍ਰਾਪਰਟੀ ਡੀਲਰ )
ਐਗਰੀਕਲਚਰ ਲੈਂਡ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ |



91000-79-579 | 98141-92-632
Shop No 5,Adda Kapur Pind,Opp IndusInd Bank,Jalandhar.

ਪੱਤਰਕਾਰਾਂ ਲਈ ਸੁਨਿਹਰਾ ਮੌਕਾ
ਪੰਜਾਬ ਦੇ ਹਰ ਜ਼ਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 9915594111

# ਕਿਸਾਨਾਂ ਦੇ ਜੱਥੇ ਨੂੰ ਬੁਲਾਇਆ ਵਾਪਸ, ਦਿੱਲੀ ਕੂਚ ਦੌਰਾਨ ਕਿਸਾਨ-ਪੁਲਿਸ ਝੜਪ, ਅੱਥਰੂ ਗੈਸ ਅਤੇ ਪਾਣੀ ਦੀਆਂ ਤੋਪਾਂ ਚਲਾਈਆਂ, 10 ਕਿਸਾਨ ਜ਼ਖਮੀ

ਚੰਡੀਗੜ੍ਹ (ਲੋਕ ਬਾਣੀ)- ਹਰਿਆਣਾ-ਪੰਜਾਬ ਦੇ ਸ਼ੰਭੂ ਸਰਹੱਦ ਤੋਂ ਰਵਾਨਾ ਹੋਏ 101 ਕਿਸਾਨਾਂ ਦੇ ਜਥੇ ਨੂੰ 2 ਘੰਟੇ ਬਾਅਦ ਵਾਪਸ ਬੁਲਾ ਲਿਆ ਗਿਆ। ਕਿਸਾਨ ਦੁਪਹਿਰ 12 ਵਜੇ ਦਿੱਲੀ ਲਈ ਰਵਾਨਾ ਹੋ ਗਏ ਸਨ। ਪੁਲੀਸ ਨੇ ਘੱਗਰ ਦਰਿਆ 'ਤੇ ਬਣੇ ਪੁਲ 'ਤੇ ਬੈਰੀਕੇਡ ਲਾ ਕੇ ਉਨ੍ਹਾਂ ਨੂੰ ਰੋਕ ਲਿਆ। 40 ਮਿੰਟ ਤੱਕ ਪੁਲੀਸ ਨਾਲ ਬਹਿਸ ਕਰਨ ਤੋਂ ਬਾਅਦ ਕਿਸਾਨਾਂ ਨੇ ਬੈਰੀਕੇਡ ਤੋੜਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਪੁਲਿਸ ਨੇ ਅੱਥਰੂ ਗੈਸ ਅਤੇ ਵਾਟਰ ਕੈਨਨ ਦੀ ਵਰਤੋਂ ਕੀਤੀ। ਜਿਸ ਵਿੱਚ 10 ਕਿਸਾਨ ਜ਼ਖਮੀ ਹੋਏ ਹਨ।

ਕਿਸਾਨਾਂ ਦਾ ਦੋਸ਼ ਹੈ ਕਿ ਪੁਲਿਸ ਨੇ ਰਾਕੇਟ ਲਾਂਚਰਾਂ ਤੋਂ ਬੰਬ ਅਤੇ ਗੋਲੀਆਂ ਚਲਾਈਆਂ। ਘੱਗਰ ਦਰਿਆ ਦਾ ਗੰਦਾ ਅਤੇ ਕੈਮੀਕਲ ਵਾਲਾ ਪਾਣੀ ਵਰਤਿਆ ਜਾਂਦਾ ਸੀ।ਮਾਰਚ ਦੇ ਮੱਦੇਨਜ਼ਰ ਹਰਿਆਣਾ ਸਰਕਾਰ ਨੇ ਅੰਬਾਲਾ ਜ਼ਿਲ੍ਹੇ ਦੇ 12 ਪਿੰਡਾਂ ਵਿੱਚ ਇੰਟਰਨੈੱਟ ਦੀ ਪਾਬੰਦੀ 18 ਦਸੰਬਰ ਤੱਕ ਵਧਾ ਦਿੱਤੀ ਹੈ।ਯੂਨਾਈਟਿਡ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਆਗੂ ਜਗਜੀਤ ਡੱਲੇਵਾਲ ਲਗਾਤਾਰ 19ਵੇਂ ਦਿਨ ਵੀ ਖਨੌਰੀ ਸਰਹੱਦ ਤੇ ਮਰਨ ਵਰਤ ਤੇ ਬੈਠੇ ਹਨ। ਕਿਸਾਨ ਆਗੂ ਸਰਵਨ ਪੰਧੇਰ ਨੇ ਕਿਹਾ ਕਿ ਡੱਲੇਵਾਲ ਦੀ ਸਿਹਤ ਨੂੰ ਲੈ ਕੇ ਪੂਰਾ ਦੇਸ਼ ਚਿੰਤਤ ਹੈ, ਪਰ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਨਹੀਂ।



# ਪੰਜਾਬ ਦੀ ਧੀ ਨੇ ਵਧਾਇਆ ਮਾਣ, ਖਮਾਣੋਂ ਦੀ ਅਰਸ਼ਦੀਪ ਕੌਰ ਬਣੀ ਭਾਰਤੀ ਹਵਾਈ ਸੈਨਾ ਵਿੱਚ ਫਲਾਇੰਗ ਅ.ਫਸਰ

ਚੰਡੀਗੜ੍ਹ, (ਲੋਕ ਬਾਣੀ) ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇਸਟੀਚਿਊਟ (ਏ.ਐਫ.ਪੀ.ਆਈ.) ਫਾਰ ਗਰਲਜ਼, ਐਸ.ਏ.ਐਸ. ਨਗਰ (ਮੋਹਾਲੀ) ਦੀ ਕੈਡਿਟ ਅਰਸ਼ਦੀਪ ਕੌਰ ਭਾਰਤੀ ਹਵਾਈ ਸੈਨਾ ਵਿੱਚ ਫਲਾਇੰਗ ਅਫਸਰ ਬਣ ਗਈ ਹੈ। ਏਅਰ ਫੋਰਸ ਅਕੈਡਮੀ, ਡੁੰਡੀਗਲ (ਹੈਦਰਾਬਾਦ) ਵਿਖੇ ਸਿਖਲਾਈ ਮੁਕੰਮਲ ਹੋਣ ਉਤੇ ਅੱਜ ਉਸ ਨੇ ਪਾਸਿੰਗ ਆਊਟ ਪਰੇਡ ਵਿੱਚ ਹਿੱਸਾ ਲਿਆ। ਇਸ ਪ੍ਰਭਾਵਸ਼ਾਲੀ ਪਰੇਡ ਦਾ ਨਿਰੀਖਣ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਏ.ਪੀ. ਸਿੰਘ, ਪੀ.ਵੀ.ਐਸ.ਐਮ., ਏ.ਵੀ.ਐਸ.ਐਮ. ਨੇ ਕੀਤਾ।

ਭਾਰਤੀ ਹਵਾਈ ਸੈਨਾ ਦੀ ਮੈਟਰੀਓਲੋਜੀ ਬ੍ਰਾਂਚ ਵਿੱਚ ਫਲਾਇੰਗ ਅਫਸਰ ਵਜੋਂ ਨਿਯੁਕਤ ਅਰਸ਼ਦੀਪ ਕੌਰ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਖਮਾਣੋਂ ਵਾਸੀ ਦਲਜਿੰਦਰ ਪਾਲ ਸਿੰਘ ਦੀ ਧੀ ਹੈ, ਜੋ ਬਿਜ਼ਨਸਮੈਨ ਹਨ।

ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਫਲਾਇੰਗ ਅਫਸਰ ਅਰਸ਼ਦੀਪ ਕੌਰ ਨੂੰ ਉਸ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਉਸਦੀ ਸਫਲਤਾ ਪੰਜਾਬ ਦੀਆਂ ਹੋਰ ਧੀਆਂ ਨੂੰ ਵੀ ਰੱਖਿਆ ਸੇਵਾਵਾਂ ਕਰੀਅਰ ਬਣਾਉਣ ਲਈ ਪ੍ਰੇਰਿਤ ਕਰੇਗੀ।

ਇਸ ਸੰਸਥਾ ਦੇ ਕੈਡਿਟਾਂ ਦੇ ਰੱਖਿਆ ਸੇਵਾਵਾਂ ਵਿੱਚ ਕਮਿਸ਼ਨਡ ਅਫਸਰ ਬਣਨ ਤੇ ਤਸੱਲੀ ਪ੍ਰਗਟ ਕਰਦਿਆਂ ਮਾਈ ਭਾਗੋ ਏ.ਐਫ.ਪੀ.ਆਈ. ਦੇ ਡਾਇਰੈਕਟਰ ਮੇਜਰ ਜਨਰਲ ਜਸਬੀਰ ਸਿੰਘ ਸੰਧੂ, ਏ.ਵੀ.ਐਸ.ਐਮ. (ਸੇਵਾਮੁਕਤ) ਨੇ ਫਲਾਇੰਗ ਅਫਸਰ ਅਰਸ਼ਦੀਪ ਕੌਰ ਨੂੰ ਭਾਰਤੀ ਹਵਾਈ ਸੈਨਾ ਵਿੱਚ ਉਸਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।



## ਸੂਬਾ ਪ੍ਰਧਾਨ ਮਲੂਕ ਸਿੰਘ ਹੀਰ ਕੇ ਵੱਲੋਂ ਖਨੌਰੀ ਬਾਰਡਰ ਤੇ ਪਹੁੰਚ ਕੇ ਪਿਛਲੇ ਲੰਬੇ ਸਮੇਂ ਤੋਂ ਕਿਸਾਨਾਂ ਦੀ ਲੜਾਈ ਲੜ ਰਹੇ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਠੀਕ ਲਈ ਅਰਦਾਸ ਕੀਤੀ

ਮਾਨਸਾ (ਲੋਕ ਬਾਣੀ) ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ ਹੀਰਕੇ ਵੱਲੋਂ ਖਨੌਰੀ ਬਾਰਡਰ ਤੇ ਵੱਡੀ ਗਿਣਤੀ ਵਿੱਚ ਕਿਸਾਨਾਂ ਦਾ ਜੱਥਾ ਲੈ ਕੇ ਸ਼ਮੂਲੀਅਤ ਕੀਤੀ ਗਈ ਜਿਸ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਮਲੂਕ ਸਿੰਘ ਹੀਰ ਕੇ ਵੱਲੋਂ ਕੀਤੀ ਗਈ ਅਤੇ ਖਨੌਰੀ ਬਾਰਡਰ ਤੇ ਪਹੁੰਚ ਕੇ ਪਿਛਲੇ ਲੰਬੇ ਸਮੇਂ ਤੋਂ ਕਿਸਾਨਾਂ ਦੀ ਲੜਾਈ ਲੜ ਰਹੇ ਜਗਜੀਤ ਸਿੰਘ ਡੱਲੇਵਾਲ ਦੀ ਸਿਹਤਯਾਬੀ ਲਈ ਅਰਦਾਸ ਕੀਤੀ ਗਈ ਅਤੇ ਉਹਨਾਂ ਦੀ ਸਿਹਤ ਦਾ ਹਾਲ ਜਾਣਿਆ ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ ਦੇ ਪੰਜਾਬ ਜ਼ਿਲ੍ਹਾ ਅਤੇ ਬਲਾਕਾਂ ਦੇ ਆਗੂ ਸ਼ਾਮਿਲ ਹੋਏ ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ ਦੇ ਸੂਬਾ ਪ੍ਰਧਾਨ ਮਲੂਕ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸਾਡੇ ਰਾਹ ਵੱਖੋ ਵੱਖਰੇ ਹੋ ਸਕਦੇ ਹਨ ਪਰ ਸਾਡੀ ਸਾਰਿਆਂ ਦੀ ਮੰਜ਼ਿਲ ਇੱਕ ਹੈ ਅਤੇ ਸਰਕਾਰਾਂ ਵਿਰੁੱਧ ਅਤੇ ਕੋਪਰੇਟਿਵ ਘਰਾਣਿਆ ਵਿਰੁੱਧ ਜੋ ਇਹ ਸੰਘਰਸ਼ ਵਿੱਢਿਆ ਹੋਇਆ ਹੈ ਇੱਥੇ ਸਾਰੀਆਂ ਜਥੇਬੰਦੀਆਂ ਨੂੰ ਵੱਧ ਤੋਂ ਵੱਧ ਸਾਥ ਦੇਣਾ ਚਾਹੀਦਾ ਹੈ ਅਤੇ ਇੱਕ ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਖੜਨਾ ਚਾਹੀਦਾ ਹੈ ਅਤੇ ਕਿਸਾਨਾਂ ਨੂੰ ਬੇਨਤੀ ਕੀਤੀ ਕਿ ਵੱਧ ਤੋਂ ਵੱਧ ਖਨੌਰੀ ਬਾਰਡਰ ਵੱਲ ਮੋਰਚੇ ਦੀ ਹਮਾਇਤ ਲਈ ਪਹੁੰਚਿਆ ਜਾਵੇ। ਕਿਉਂਕਿ ਹਾਲਾਤਾਂ ਦੇ ਅਨੁਸਾਰ ਇਸ ਸਮੇਂ ਏਕਤਾ ਦੀ ਬਹੁਤ ਵੱਡੀ ਜ਼ਰੂਰਤ ਹੈ। ਅਤੇ ਸਾਰੀਆਂ ਜਥੇਬੰਦੀਆਂ ਨੂੰ ਆਪਸੀ ਮਤਭੇਦ ਭੁਲਾ ਕੇ ਇੱਕ ਹੋ ਜਾਣਾ ਚਾਹੀਦਾ ਹੈ।



# ਚੰਡੀਗੜ੍ਹ 'ਚ ਸ਼ੋਅ ਤੋਂ ਪਹਿਲਾਂ ਦਿਲਜੀਤ ਦੋਸਾਂਝ ਨੇ ਗੁਰੂ ਚਰਨਾਂ 'ਚ ਟੇਕਿਆ ਮਥਾ



ਚੰਡੀਗੜ੍ਹ, (ਲੋਕ ਬਾਣੀ)- ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਦਾ ਕੰਸਰਟ ਅੱਜ ਚੰਡੀਗੜ੍ਹ ਦੇ ਸੈਕਟਰ-34 ਸਥਿਤ ਮੈਦਾਨ ਵਿੱਚ ਹੋਣ ਜਾ ਰਿਹਾ ਹੈ। ਇਹ ਸਮਾਰੋਹ ਸੰਗੀਤ ਪ੍ਰੇਮੀਆਂ ਲਈ ਖਾਸ ਹੈ। ਇਸ ਨੂੰ ਲੈ ਕੇ ਕਾਫੀ ਵਿਵਾਦ ਵੀ ਹੋਇਆ ਸੀ। ਹਾਲਾਂਕਿ ਸਮਾਰੋਹ ਦੀਆਂ ਸਾਰੀਆਂ ਰੁਕਾਵਟਾਂ ਦੂਰ ਹੋਣ ਤੋਂ ਬਾਅਦ ਪ੍ਰਸ਼ਾਸਨਿਕ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਕੰਸਰਟ ਤੋਂ ਪਹਿਲਾਂ ਦਿਲਜੀਤ ਦੋਸਾਂਝ ਨੇ ਸ਼ੁੱਕਰਵਾਰ ਸ਼ਾਮ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ।

ਉੱਥੇ ਹੀ ਦੂਜੇ ਪਾਸੇ ਚੰਡੀਗੜ੍ਹ ਸ਼ੋਅ ਤੋਂ ਪਹਿਲਾਂ ਦਿਲਜੀਤ ਨੇ ਗੁਰੂ ਚਰਨਾਂ 'ਚ ਮੱਥਾ ਟੇਕਿਆ। ਮਿਲੀ ਜਾਣਕਾਰੀ ਮੁਤਾਬਿਕ ਦਿਲਜੀਤ ਦੋਸਾਂਝ ਆਪਣੀ ਟੀਮ ਨਾਲ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ। ਇਸ ਸਬੰਧੀ ਦਿਲਜੀਤ ਦੋਸਾਂਝ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਵੀ ਸ਼ੇਅਰ ਕੀਤੀ। ਇਸ ਦੌਰਾਨ ਦਿਲਜੀਤ ਦੋਸਾਂਝ ਨੇ ਗੁਰੂ ਘਰ ਦੇ ਬਾਹਰ ਉਡੀਕ ਕਰ ਰਹੇ ਪ੍ਰਸ਼ੰਸਕਾ ਨਾਲ ਵੀ ਮੁਲਾਕਾਤ ਕੀਤੀ।

# ਸ਼ੰਭੂ ਬਾਰਡਰ ਤੇ ਇੱਕ ਕਿਸਾਨ ਨੇ ਖੁਦਕੁਸ਼ੀ ਕਰਨ ਦੀ ਕੀਤੀ ਕੋਸ਼ਿਸ਼, ਸਲਫਾਸ ਨਿਗਲਿਆ



ਚੰਡੀਗੜ੍ਹ-(ਲੋਕ ਬਾਣੀ) ਹਰਿਆਣਾ-ਪੰਜਾਬ ਦੇ ਸ਼ੰਭੂ ਸਰਹੱਦ ਤੇ ਸ਼ਨੀਵਾਰ ਨੂੰ ਇਕ ਕਿਸਾਨ ਨੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਉਸਨੇ ਸਲਫਾਸ ਨਿਗਲ ਲਿਆ। ਇਸ ਤੋਂ ਬਾਅਦ ਉਸ ਨੂੰ ਹਸਪਤਾਲ ਲਿਜਾਇਆ ਗਿਆ। ਕਿਸਾਨ ਆਗੂ ਹਸਪਤਾਲ ਪਹੁੰਚ ਰਹੇ ਹਨ। ਕਿਸਾਨ ਦੀ ਪਛਾਣ ਜੋਧ ਸਿੰਘ ਵਾਸੀ ਖੰਨਾ, ਲੁਧਿਆਣਾ ਵਜੋਂ ਹੋਈ ਹੈ।ਇਸ ਤੋਂ ਪਹਿਲਾਂ ਦੁਪਹਿਰ 12 ਵਜੇ 101 ਕਿਸਾਨ ਦਿੱਲੀ ਲਈ ਰਵਾਨਾ ਹੋਏ ਪਰ ਪੁਲੀਸ ਨੇ ਘੱਗਰ ਦਰਿਆ 'ਤੇ ਬਣੇ ਪੁਲ 'ਤੇ ਬੈਰੀਕੇਡ ਲਾ ਕੇ ਉਨ੍ਹਾਂ ਨੂੰ ਰੋਕ ਲਿਆ। 40 ਮਿੰਟ ਤੱਕ ਪੁਲੀਸ ਨਾਲ ਬਹਿਸ ਕਰਨ ਤੋਂ ਬਾਅਦ ਕਿਸਾਨਾਂ ਨੇ ਬੈਰੀਕੇਡ ਤੋੜਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਪੁਲਿਸ ਨੇ ਅੱਥਰੂ ਗੈਸ ਅਤੇ ਵਾਟਰ ਕੈਨਨ ਦੀ ਵਰਤੋਂ ਕੀਤੀ। ਜਿਸ ਵਿੱਚ 10 ਕਿਸਾਨ ਜ਼ਖਮੀ ਹੋ ਗਏ।ਕਰੀਬ 2 ਘੰਟੇ ਬਾਅਦ ਯਾਨੀ 2 ਵਜੇ ਕਿਸਾਨਾਂ ਦੇ ਸਮੂਹ ਨੂੰ ਵਾਪਸ ਬੁਲਾਇਆ ਗਿਆ। ਕਿਸਾਨਾਂ ਦਾ ਦੋਸ਼ ਹੈ ਕਿ ਪੁਲਿਸ ਨੇ ਰਾਕੇਟ ਲਾਂਚਰਾਂ ਤੋਂ ਬੰਬ ਅਤੇ ਗੋਲੀਆਂ ਚਲਾਈਆਂ। ਘੱਗਰ ਦਰਿਆ ਦਾ ਗੰਦਾ ਅਤੇ ਕੈਮੀਕਲ ਵਾਲਾ ਪਾਣੀ ਵਰਤਿਆ ਜਾਂਦਾ ਸੀ।

ਕਿਸਾਨ ਆਗੂ ਸਰਵਣ ਪੰਧੇਰ ਨੇ ਕਿਹਾ ਕਿ 16 ਦਸੰਬਰ ਨੂੰ ਪੰਜਾਬ ਨੂੰ ਛੱਡ ਕੇ ਪੂਰੇ ਦੇਸ਼ ਵਿੱਚ ਟਰੈਕਟਰ ਮਾਰਚ ਕੱਢੇ ਜਾਣਗੇ। ਪੰਜਾਬ ਵਿੱਚ 18 ਦਸੰਬਰ ਨੂੰ ਦੁਪਹਿਰ 12 ਤੋਂ 3 ਵਜੇ ਤੱਕ ਰੇਲ ਰੋਕੋ ਮੁਹਿੰਮ ਚਲਾਈ ਜਾਵੇਗੀ। ਕੋਈ ਵੀ ਜਥਾ 18 ਤਰੀਕ ਤੱਕ ਦਿੱਲੀ ਵੱਲ ਮਾਰਚ ਨਹੀਂ ਕਰੇਗਾ।

# ਡਾ ਬੀ.ਡੀ ਸ਼ਰਮਾ ਦੀ ਪਤਨੀ ਸੁਖਜੀਤ ਕੌਰ ਨੂੰ ਵਾਰਡ ਦੀਆਂ ਔਰਤਾਂ ਦਾ ਮਿਲ ਰਿਹਾ ਭਾਰੀ ਸਮਰਥਨ



ਜਲੰਧਰ , ਲੋਕ ਬਾਣੀ – ਜਲੰਧਰ ਨਗਰ ਨਿਗਮ ਚੌਣਾਂ ਚ ਵਾਰਡ ਨੰਬਰ 77 ਤੋਂ ਆਪ ਦੀ ਉਮੀਦਵਾਰ ਸੁਖਜੀਤ ਕੌਰ ਨੂੰ ਆਪਣੇ ਵਾਰਡ ਵਿਚ ਡੋਰ ਟੂ ਡੋਰ ਕਰਨ ਸਮੇਂ ਵਾਰਡ ਦੀਆਂ ਮਹਿਲਾਵਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ ਤੇ ਮਹਿਲਾਵਾਂ ਦਾ ਕਹਿਣਾ ਹੈ ਕਿ ਸਾਡੀ ਪਹਿਲੀ ਪਸੰਦ ਆਪ ਦੀ ਉਮੀਦਵਾਰ ਡਾ ਬੀ.ਡੀ ਸ਼ਰਮਾ ਦੀ ਪਤਨੀ ਹੈ ਜਿਸ ਨੂੰ ਉਹ ਭਾਰੀ ਬਹੁਮਤ ਨਾਲ ਜਿਤਾਉਣਗੇ

# ਵਾਰਡ 4 ਤੋਂ ਆਪ ਉਮੀਦਵਾਰ ਜਗੀਰ ਸਿੰਘ ਡਬਲ ਇੰਜਨ ਦੀ ਸਰਕਾਰ ਨਾਲ ਕਰਨਗੇ ਵਾਰਡ ਦਾ ਭਰਪੂਰ ਵਿਕਾਸ



ਜਲੰਧਰ, ਲੋਕ ਬਾਣੀ – ਨਗਰ ਨਿਗਮ ਚੌਣਾਂ ਵਿੱਚ ਵਾਰਡ ਨੰਬਰ 4 ਤੋਂ ਆਪ ਦੇ ਉਮੀਦਵਾਰ ਜਗੀਰ ਸਿੰਘ ਨੂੰ ਅੱਜ ਉਨ੍ਹਾਂ ਦੇ ਵਾਰਡ ਸੂਚੀ ਪਿੰਡ ਚ ਲੋਕਾਂ ਨੇ ਭਰਭੂਰ ਪਿਆਰ ਦਿੱਤਾ ਤੇ ਪੂਰੇ ਇਲਾਕੇ ਵਿੱਚ ਡੋਰ ਟੂ ਡੋਰ ਪ੍ਰੋਗਰਾਮ ਕੀਤਾ ਗਿਆ ਜਿਸ ਵਿਚ ਜਗੀਰ ਸਿੰਘ ਜੀ ਨੇ ਕਿਹਾ ਡਬਲ ਇੰਜਨ ਦੀ ਸਰਕਾਰ ਨਾਲ ਉਹ ਜਿੱਤਣ ਤੋਂ ਬਾਅਦ ਭਰਪੂਰ ਵਿਕਾਸ ਕਰਵਾਉਣਗੇ ਇਸ ਮੌਕੇ ਆਪ ਸਰਕਾਰ ਦੇ ਹੱਕ ਵਿੱਚ ਨਾਅਰੇਆ ਨਾਲ ਪੂਰਾ ਇਲਾਕਾ ਗੂੰਝ ਉਠੀਆਂ

## ਜਨਮ ਦਿਨ ਮੁਬਾਰਕ

ਸੰਗੀਤ ਜਗਤ ਵਿੱਚ ਆਪਣੀ ਸੁਰੀਲੀ ਤੇ ਬੁਲੰਦ ਅਵਾਜ਼ ਨਾਲ ਵਿਲੱਖਣ ਪਹਿਚਾਣ ਬਣਾਉਣ ਵਾਲੇ ਰਾਜ ਦਰਬਾਰੀ ਗਾਇਕ ਭੋਲ਼ਾ ਯਮਲਾ ਜੀ ਨੂੰ ਜਨਮ ਦਿਨ ਦੀਆਂ ਗਾਇਕਾ ਮਨਦੀਪ ਲੱਕੀ, ਗੀਤਕਾਰ ਚਮਕੌਰ ਥਾਂਦੇਵਾਲਾ, ਕ੍ਰਿਸ਼ਨ ਮਿੱਡਾ ਮੁਕਤਸਰ, ਸੰਗੀਤਕ ਨਿੰਦਰ ਪਾਲ ਸਿੰਘ ਕੋਟਲੀ, ਕਰਮ ਸੰਧੂ ਫ਼ਰੀਦਕੋਟ, ਹਰਮੀਤ ਦੂਹੇਵਾਲਾ, ਮਹਿੰਦਰ ਸਿੰਘ ਝੰਮਟ, ਬੇਅੰਤ ਸਿੰਘ ਰੋਹਟੀ ਖ਼ਾਸ ਤੇ ਅਦਾਰਾ ਲੋਕ ਬਾਣੀ ਅਖ਼ਬਾਰ ਅਤੇ ਸਮੂਹ ਸਟਾਫ ਵੱਲੋਂ ਬਹੁਤ ਬਹੁਤ ਮੁਬਾਰਕਾਂ



# ਪੁੱਲ ਉੱਪਰੋਂ ਡਿੱਗਣ ਕਾਰਨ ਨੌਜਵਾਨ ਦੀ ਮੌਤ: ਦੋਵੇਂ ਪਾਸੇ ਰੇਲਿੰਗ ਨਾ ਹੋਣ ਕਾਰਨ ਵਾਪਰਿਆ ਹਾਦਸਾ

ਪੱਟੀ/ਤਰਨਤਾਰਨ, ( ਲੋਕ ਬਾਣੀ ) – ਪੱਟੀ ਸ਼ਹਿਰ ਵਿਖੇ ਸਰਹਾਲੀ ਪੁੱਲ ਦੇ ਨਾਂਅ ਨਾਲ ਜਾਣਿਆ ਜਾਂਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਜ਼ਦੀਕ ਪੁੱਲ ਉੱਪਰ ਮੋਟਰਸਾਈਕਲ ਸਵਾਰ ਨੌਜਵਾਨ ਆਪਣਾ ਸੰਤੁਲਨ ਖੋ ਜਾਣ ਕਾਰਨ ਰੋਹੀ ਵਿੱਚ ਜਾ ਡਿੱਗਾ,ਜਿਸ ਦੀ ਮੌਕੇ ਤੇ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਜੁਗਰਾਜ ਸਿੰਘ ਪੁੱਤਰ ਬਹਾਲ ਸਿੰਘ (24 ਸਾਲ) ਵਾਸੀ ਬੱਠੇ ਭੈਣੀ ਦੁਪਹਿਰ 3 ਵਜੇ ਦੇ ਕਰੀਬ ਮੋਟਰਸਾਈਕਲ ਤੇ ਪੱਟੀ ਬੱਸ ਸਟੈਂਡ ਤੋਂ ਆਪਣੀ ਭੈਣ ਨੂੰ ਲੈਣ ਜਾ ਰਿਹਾ ਸੀ,ਜਦ ਪੱਟੀ-ਸਰਹਾਲੀ ਰੋਡ ਦੇ ਉੱਪਰ ਬਣੇ ਪੁੱਲ ਤੇ ਪਹੁੰਚਿਆ ਤਾਂ ਕਿਸੇ ਕਾਰਨ ਉਸ ਦਾ ਸੰਤੁਲਨ ਵਿਗੜ ਗਿਆ ਅਤੇ ਪੁੱਲ ਉੱਪਰ ਰੇਲਿੰਗ ਨਾ ਲੱਗੇ ਹੋਣ ਕਾਰਨ ਉਹ ਸਿੱਧਾ ਰੋਹੀ ਵਿੱਚ ਜਾ ਡਿੱਗਾ।



ਰਾਹੀਗਰਾਂ ਵੱਲੋਂ ਤੁਰੰਤ ਉਸ ਨੂੰ ਰੋਹੀ ਵਿੱਚੋਂ ਕੱਢ ਕੇ ਪ੍ਰਾਈਵੇਟ ਹਸਪਤਾਲ ਲਿਜਾਇਆ ਗਿਆ ਪਰ ਸਿਰ ਭਾਰ ਡਿੱਗਣ ਕਾਰਨ ਨੌਜਵਾਨ ਦੀ ਮੌਕੇ ਤੇ ਮੌਤ ਹੋ ਗਈ।ਜ਼ਿਕਰਯੋਗ ਹੈ ਕਿ ਕਾਂਗਰਸ ਸਰਕਾਰ ਸਮੇਂ ਇਸ ਪੁੱਲ ਦੀ ਮਿਆਦ ਖ਼ਤਮ ਹੋਣ ਕਾਰਨ ਨਵੇਂ ਪੁੱਲ ਦੀ ਉਸਾਰੀ ਸ਼ੁਰੂ ਕੀਤੀ ਗਈ ਸੀ ਜੋ ਸਰਕਾਰ ਬਦਲਣ ਉਪਰੰਤ ਅੱਧਵਾਟੇ ਰਹਿ ਗਿਆ।ਪੁਰਾਣਾ ਪੁੱਲ ਜੋ ਆਵਾਜਾਈ ਲਈ ਚਾਲੂ ਸੀ,ਉਸ ਦੇ ਦੋਵਾਂ ਪਾਸੇ ਰੇਲਿੰਗ ਨਾ ਹੋਣ ਕਾਰਨ ਇਹ ਦਰਦਨਾਕ ਹਾਦਸਾ ਵਾਪਰਿਆ।

ਇਸ ਦੁਖਦ ਮੌਕੇ ਸਰਕਾਰ ਪ੍ਰਤੀ ਰੋਸ ਪ੍ਰਗਟ ਕਰਦਿਆਂ ਡਾਕਟਰ ਗੁਰਮੇਜ ਸਿੰਘ ਬੱਠੇ ਭੈਣੀ ਨੇ ਕਿਹਾ ਕਿ ਕਾਂਗਰਸ ਸਰਕਾਰ ਸਮੇਂ ਨਵਾਂ ਪੁੱਲ ਸ਼ੁਰੂ ਕਰ ਦਿੱਤਾ ਗਿਆ ਸੀ,50 ਪ੍ਰਤੀਸ਼ਤ ਤੋਂ ਵੱਧ ਦਾ ਕੰਮ ਹੋਣ ਦੇ ਬਾਵਜੂਦ ਸੌੜੀ ਰਾਜਨੀਤੀ ਦੇ ਚਲਦਿਆਂ ਇਸ ਪੁੱਲ ਦਾ ਕੰਮ ਬੰਦ ਕਰ ਦਿੱਤਾ ਗਿਆ ਅਤੇ ਪੁਰਾਣੇ ਪੁੱਲ ਦੇ ਦੋਵੇਂ ਪਾਸੇ ਰੇਲਿੰਗ ਵੀ ਨਹੀਂ ਲਗਵਾਈ ਗਈ।ਰੇਲਿੰਗ ਦੇ ਨਾ ਹੋਣ ਨੂੰ ਲੈ ਕੇ ਸਮੇਂ-ਸਮੇਂ ਤੇ ਖਬਰਾਂ ਵੀ ਪ੍ਰਕਾਸ਼ਿਤ ਕੀਤੀਆਂ ਗਈਆਂ ਪਰ ਇਸ ਪੁੱਲ ਨੂੰ ਮੁਕੰਮਲ ਕਰਨ ਲਈ ਕੋਈ ਗੰਭੀਰਤਾ ਨਹੀਂ ਵਿਖਾਈ ਗਈ।ਸੌੜੀ ਰਾਜਨੀਤੀ ਦੇ ਚਲਦਿਆਂ ਅੱਜ ਪਰਿਵਾਰ ਦਾ ਨੌਜਵਾਨ ਪੁੱਤਰ ਆਪਣੀ ਜਾਨ ਤੋਂ ਹੱਥ ਧੋ ਬੈਠਾ।

# ਨਗਰ ਪੰਚਾਇਤ ਚੋਣਾਂ ਲਈ ਭਾਜਪਾ ਉਮੀਦਵਾਰਾਂ ਦੇ ਕਾਗਜ਼ ਰੱਦ ਕਰਵਾ ਕੇ ਆਪ ਸਰਕਾਰ ਨੇ ਕੀਤਾ ਲੋਕਤੰਤਰ ਦਾ ਘਾਣ - ਹਰਜੀਤ ਸੰਧੂ



ਤਰਨਤਾਰਨ,1(ਲੋਕ ਬਾਣੀ) – ਤਰਨਤਾਰਨ ਜ਼ਿਲ੍ਹੇ ਅਧੀਨ ਆਉਂਦੀਆਂ ਖੇਮਕਰਨ ਅਤੇ ਭਿੱਖੀਵਿੰਡ ਨਗਰ ਪੰਚਾਇਤਾਂ ਵਿੱਚ ਹੋਣ ਜਾ ਰਹੀਆਂ ਚੋਣਾਂ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਵੱਲੋਂ ਪਾਰਟੀ ਆਗੂਆਂ ਨਾਲ ਭਿੱਖੀਵਿੰਡ ਵਿਖੇ ਪਾਰਟੀ ਆਗੂਆਂ ਅਤੇ ਉਮੀਦਵਾਰਾਂ ਨਾਲ ਅਹਿਮ ਬੈਠਕ ਕੀਤੀ।ਇਸ ਮੌਕੇ ਤੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਕੋਈ ਵੀ ਕੰਮ ਲੋਕਾਂ ਦੇ ਹੱਕ ਲਈ ਨਹੀਂ ਕੀਤਾ ਤਾਂ ਹੀ ਪੰਜਾਬ ਦੇ ਲੋਕ ਆਪ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਅੱਕੇ ਪਏ ਹਨ।

ਉਨ੍ਹਾਂ ਕਿਹਾ ਕਿ ਆਪ ਸਰਕਾਰ ਦੇ ਨੁਮਾਇੰਦੇ ਲੋਕਤੰਤਰ ਦਾ ਸ਼ਰੇਆਮ ਘਾਣ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਨਾਮਜਦਗੀ ਪੱਤਰ ਪ੍ਰਸ਼ਾਸਨ ਦੀ ਹਾਜਰੀ ਵਿੱਚ ਭਾਜਪਾ ਉਮੀਦਵਾਰਾਂ ਦੇ ਹੱਥਾਂ ਚੋਂ ਖੋਹ ਕੇ ਇਨ੍ਹਾਂ ਲੋਕਾਂ ਨੇ ਸਾਬਤ ਕਰ ਦਿੱਤਾ ਕਿ ਅਗਰ ਭਾਜਪਾ ਉਮੀਦਵਾਰ ਚੋਣ ਅਖਾੜੇ ਵਿੱਚ ਆਉਂਦੇ ਹਨ ਤਾਂ ਭਾਜਪਾ ਦੀਆਂ ਲੋਕ ਪੱਖੀ ਨੀਤੀਆਂ ਕਰਕੇ ਜਿੱਤਦੇ ਵੀ ਹਨ ਪਰ ਪ੍ਰਸ਼ਾਸਨ ਦੀ ਕਥਿਤ ਮਿਲੀਭੁਗਤ ਅਤੇ ਆਪ ਸਰਕਾਰ ਦੀਆਂ ਧੱਕੇਸ਼ਾਹੀਆਂ ਨਾਲ ਲਾਅ ਐਂਡ ਆਰਡਰ ਬੁਰੀ ਤਰ੍ਹਾਂ ਫੇਲ ਹੋ ਗਿਆ ਜਿਸ ਦੀ ਸਿੱਧੀ ਜਿੰਮੇਵਾਰੀ ਆਪ ਸਰਕਾਰ ਦੀ ਹੈ।ਉਨ੍ਹਾਂ ਕਿਹਾ ਕਿ ਨਗਰ ਪੰਚਾਇਤ ਖੇਮਕਰਨ ਦੀਆਂ ਜਿਹੜੀਆਂ ਵਾਰਡਾਂ ਤੇ ਭਾਜਪਾ ਉਮੀਦਵਾਰ ਮਜਬੂਤ ਅਤੇ ਜੇਤੂ ਸਨ ਉਨ੍ਹਾਂ ਵਾਰਡਾਂ ਦੇ ਹੀ ਕਾਗਜ ਰੱਦ ਹੋਏ ਹਨ ਪਰ ਭਾਜਪਾ ਆਗੂ ਇਸ ਧੱਕੇਸ਼ਾਹੀ ਦਾ ਜਵਾਬ ਦੇਣ ਅਤੇ ਇਨਸਾਫ ਲੈਣ ਲਈ ਅਦਾਲਤ ਦਾ ਰੁਖ ਕਰ ਰਹੇ ਹਨ।ਇਸ ਮੌਕੇ ਤੇ ਖੇਮਕਰਨ ਅਤੇ ਭਿੱਖੀਵਿੰਡ ਦੇ ਜੋ ਉਮੀਦਵਾਰ ਚੋਣ ਮੈਦਾਨ ਵਿੱਚ ਹਨ ਉਨ੍ਹਾਂ ਦੀਆਂ ਵੱਖ-ਵੱਖ ਵਾਰਡਾਂ ਵਿੱਚ ਜ਼ਿਲ੍ਹੇ ਦੇ ਆਗੂਆਂ ਦੀਆਂ ਚੋਣ ਡਿਊਟੀਆਂ ਲਗਾਈਆਂ ਗਈਆਂ।ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਮਹਾਂ ਮੰਤਰੀ ਹਰਪ੍ਰੀਤ ਸਿੰਘ ਸਿੰਦਬਾਦ,ਮਹਾਂ ਮੰਤਰੀ ਸ਼ਿਵ ਕੁਮਾਰ ਸੋਨੀ,ਪ੍ਰਦੇਸ਼ ਕਾਰਜਕਾਰਨੀ ਮੈਂਬਰ ਤੇ ਸਹਿ ਪ੍ਰਭਾਰੀ ਅਨੂਪ ਸਿੰਘ ਭੁੱਲਰ,ਮੀਤ ਪ੍ਰਧਾਨ ਸਤਨਾਮ ਸਿੰਘ ਭੁੱਲਰ,ਮੀਤ ਪ੍ਰਧਾਨ ਡਾ.ਰਿਤੇਸ ਚੋਪੜਾ,ਮੀਤ ਪ੍ਰਧਾਨ ਜਸਕਰਨ ਸਿੰਘ ਗਿੱਲ, ਕਿਸਾਨ ਮੋਰਚਾ ਕੋਰ ਕਮੇਟੀ ਸੂਬਾ ਆਗੂ ਸਿਤਾਰਾ ਸਿੰਘ ਡਲੀਰੀ,ਐਸਸੀ ਮੋਰਚਾ ਜਿਲਾ ਪ੍ਰਧਾਨ ਅਵਤਾਰ ਸਿੰਘ ਬੰਟੀ,ਸੀਨੀਅਰ ਆਗੂ ਰਾਜ ਕੁਮਾਰ ਚੋਪੜਾ,ਪ੍ਰਦੇਸ਼ ਕਾਰਜਕਾਰਨੀ ਮੈਂਬਰ ਪ੍ਰਦੀਪ ਮਨਚੰਦਾ,ਮੰਡਲ ਪ੍ਰਧਾਨ ਸਤਿਨਾਮ ਸਿੰਘ,ਮੰਡਲ ਪ੍ਰਧਾਨ ਸਾਹਿਬ ਸਿੰਘ,ਮੰਡਲ ਪ੍ਰਧਾਨ ਸੁਰੇਸ ਪਿੰਕਾ,ਮੰਡਲ ਪ੍ਰਧਾਨ ਮਹਿਤਾਬ ਸਿੰਘ,ਮੰਡਲ ਪ੍ਰਧਾਨ ਦਲਜੀਤ ਸਿੰਘ ਸੀਨੀਅਰ ਆਗੂ ਸਦਾਨੰਦ ਚੋਪੜਾ,ਪਵਨ ਪੁਰੀ,ਲਵ ਧਵਨ,ਗੋਰਖਾ ਤੋਂ ਇਲਾਵਾ ਭਾਜਪਾ ਦੇ ਉਮੀਦਵਾਰ ਗੀਟਾ ਰਾਣੀ, ਜੀਨਤ,ਗੁਰਭੇਜ ਸਿੰਘ,ਮਨਦੀਪ,ਜਤਿੰਦਰ ਸਿੰਘ,ਜਸਵਿੰਦਰ ਰਾਣੀ,ਦਲਬੀਰ ਸਿੰਘ, ਅਮੀਸ਼ਾ ਕੌਰ,ਗੁਰਮੇਲ ਸਿੰਘ,ਸ਼ੀਰੋ,ਰਾਜ ਗੁਸੈਨ,ਚੰਦਨ ਸਿੰਘ,ਅਮਰਜੀਤ ਕੌਰ,ਦਰਬਾਰਾ ਸਿੰਘ ਅਤੇ ਦੋਵੇਂ ਨਗਰ ਪੰਚਾਇਤਾਂ ਦੇ ਦਰਜਨਾਂ ਪਾਰਟੀ ਆਗੂ ਮੌਜੂਦ ਸਨ।

# ਕਮਲਾ ਨਹਿਰੂ ਕਾਲਜ ਲਾਇਬ੍ਰੇਰੀ ਕਮੇਟੀ ਨੇ ਇੰਟਰਨਲ ਕੁਆਲਿਟੀ ਐਸ਼ੋਰੈਂਸ ਸੈੱਲ (ਆਈਕਿਊਏਸੀ) ਦੇ ਸਹਿਯੋਗ ਨਾਲ ਪੁਸਤਕ ਦਾਨ ਮਹੀਨਾ ਮਨਾਇਆ।

ਫ਼ਗਵਾੜਾ( ਸੁਸ਼ੀਲ ਸ਼ਰਮਾ ) ਕਾਲਜ ਪ੍ਰਿੰਸੀਪਲ ਸਵਿੰਦਰਪਾਲ ਦੀ ਯੋਗ ਅਗਵਾਈ ਹੇਠ ਸ਼੍ਰੀ ਭਾਗ ਰਾਮ ਹਾਂਡਾ ਲਾਇਬ੍ਰੇਰੀ ਕਮੇਟੀ ਨੇ ਨਵੰਬਰ 2024 ਨੂੰ 'ਪੁਸਤਕ ਦਾਨ' ਮਹੀਨੇ ਵਜੋਂ ਮਨਾਇਆ। ਕਮਲਾ ਨਹਿਰੂ ਕਾਲਜ ਨੇ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ਼ ਨੂੰ ਕਾਲਜ ਦੇ ਲਾਇਬ੍ਰੇਰੀ ਸਰੋਤਾਂ ਦੇ ਵਿਸਤਾਰ ਵਿੱਚ ਯੋਗਦਾਨ ਪਾਉਣ ਲਈ ਸੱਦਾ ਦਿੰਦੇ ਹੋਏ ਆਪਣੀ ਬਹੁਤ-ਉਡੀਕ ਕੀਤੀ ਕਿਤਾਬ ਦਾਨ ਮਹੀਨਾ ਮੁਹਿੰਮ ਸ਼ੁਰੂ ਕੀਤੀ। ਇਸ ਪਹਿਲਕਦਮੀ ਦਾ ਉਦੇਸ਼ ਸਾਖਰਤਾ, ਸਾਂਝਾਕਰਨ ਅਤੇ ਭਾਈਚਾਰਕ ਸਹਾਇਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਸੀ, ਨਾਲ ਹੀ ਵਿਦਿਆਰਥੀਆਂ ਦੀਆਂ ਮੌਜੂਦਾ ਅਤੇ ਭਵਿੱਖੀ ਪੀੜ੍ਹੀਆਂ ਨੂੰ ਲਾਭ ਪਹੁੰਚਾਉਣ ਲਈ ਲਾਇਬ੍ਰੇਰੀ ਦੇ ਸੰਗ੍ਰਹਿ ਨੂੰ ਭਰਪੂਰ ਬਣਾਉਣਾ ਸੀ। ਮਹੀਨਾ ਭਰ ਚੱਲਣ ਵਾਲੇ ਇਸ ਜਸ਼ਨ ਵਿੱਚ ਪੂਰੇ ਕਾਲਜ ਭਾਈਚਾਰੇ ਵੱਲੋਂ ਉਤਸ਼ਾਹ, ਰਚਨਾਤਮਕਤਾ ਅਤੇ ਭਰਵਾਂ ਹੁੰਗਾਰਾ ਦੇਖਿਆ ਗਿਆ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਸਿੱਖਿਆ, ਸਿੱਖ ਇਤਿਹਾਸ, ਬੈਂਕਿੰਗ, ਪੰਜਾਬੀ ਸਾਹਿਤ, ਸਿੱਖ ਧਰਮ, ਰਾਜਨੀਤਿਕ ਸ਼ਕਤੀਕਰਨ ਅਤੇ ਅੰਗਰੇਜ਼ੀ ਸਾਹਿਤ ਆਦਿ ਵੱਖ-ਵੱਖ ਵਿਸ਼ਿਆਂ ਦੀਆਂ ਕਿਤਾਬਾਂ ਖੁੱਲ੍ਹੇ ਦਿਲ ਨਾਲ ਦਾਨ ਕੀਤੀਆਂ। ਦਾਨ ਕੀਤੀਆਂ ਕਿਤਾਬਾਂ ਨੂੰ ਲਾਇਬ੍ਰੇਰੀ ਦੇ ਪ੍ਰਵੇਸ਼ ਦੁਆਰ ਤੇ ਸਥਾਪਿਤ ਦਾਨ ਬਾਕਸ ਵਿਚ ਸੋਚ-ਸਮਝ ਕੇ ਪ੍ਰਦਰਸ਼ਿਤ ਕੀਤਾ ਗਿਆ ਸੀ। ਇਸ ਵਿਸ਼ੇਸ਼ ਡਿਸਪਲੇ ਨੇ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਨੂੰ ਪੂਰੇ ਮਹੀਨੇ ਦੌਰਾਨ ਆਪਣੀਆਂ ਕਿਤਾਬਾਂ ਨੂੰ ਆਸਾਨੀ ਨਾਲ ਦੇਖਣ ਅਤੇ ਯੋਗਦਾਨ ਪਾਉਣ ਦੀ ਇਜਾਜ਼ਤ ਦਿੱਤੀ। ਇਹ ਪੂਰੇ ਕੈਂਪਸ ਲਈ ਇੱਕ ਕੇਂਦਰ ਬਿੰਦੂ ਬਣ ਗਿਆ, ਦਾਨ ਲਗਾਤਾਰ ਜੋੜਿਆ ਜਾ ਰਿਹਾ ਹੈ, ਅਤੇ ਕਾਲਜ ਕਮਿਊਨਿਟੀ ਦੀ ਉਦਾਰਤਾ ਅਤੇ ਸਿੱਖਿਆ ਦਾ ਸਮਰਥਨ ਕਰਨ ਲਈ ਵਚਨਬੱਧਤਾ ਦੀ ਇੱਕ ਠੋਸ ਪ੍ਰਤੀਨਿਧਤਾ ਦੀ ਪੇਸ਼ਕਸ਼ ਕਰਦਾ ਹੈ। ਮੈਡਮ ਪ੍ਰਿੰਸੀਪਲ ਨੇ ਪੁਸਤਕ ਦਾਨ ਦੀ ਮਹੱਤਤਾ ਬਾਰੇ ਡੂੰਘਾਈ ਨਾਲ ਗੱਲ ਕੀਤੀ। ਉਸਨੇ ਪੜ੍ਹਨ ਲਈ ਪਿਆਰ ਪੈਦਾ ਕਰਨ ਦੀ ਮਹੱਤਤਾ ਤੇ ਜ਼ੋਰ ਦਿੱਤਾ। ਉਸਨੇ ਇਹ ਵੀ ਦੱਸਿਆ ਕਿ ਕਿਵੇਂ ਦਾਨ ਕੀਤੀਆਂ ਕਿਤਾਬਾਂ ਲਾਇਬ੍ਰੇਰੀ ਦੇ ਸਾਹਿਤਕ ਸਰੋਤਾਂ ਨੂੰ ਅਮੀਰ ਬਣਾਉਂਦੀਆਂ ਹਨ ਅਤੇ ਪਾਠਕਾਂ ਦੇ ਬੌਧਿਕ ਵਿਕਾਸ ਵਿੱਚ ਯੋਗਦਾਨ ਪਾਉਂਦੀਆਂ ਹਨ। ਉਨ੍ਹਾਂ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਲਾਇਬ੍ਰੇਰੀ ਕਮੇਟੀ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।



ਰੋਜ਼ਾਨਾ ਲੋਕ ਬਾਣੀ www.lokbani

# ਵਿਦਿਅਕ ਵਰਕਸ਼ਾਪ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸ਼ਕਤੀ ਪ੍ਰਦਾਨ ਕਰਦੀ:ਸਨੇਹ ਲਤਾ



ਖਰੜ, ( ਕਾਲਾਂ ਸੰਘ ਸੈਣੀ )-ਮੈਕਸਿਮ ਮੈਰੀ ਸਕੂਲ ਖਰੜ ਵਿਖੇ ਵਿਦਿਅਕ ਵਰਕਸ਼ਾਪ ਕਰਵਾਈ ਗਈ। ਇਸ ਮੌਕੇ ਵਰਕਸ਼ਾਪ ਦੁਆਰਾ ਪ੍ਰਕਾਸ਼ਨਾਂ ਦੁਆਰਾ ਸਪਾਂਸਰ ਕੀਤੀ ਵਰਕਸ਼ਾਪ ਦੀ ਸ਼ੁਰੂਆਤ ਕੰਪਿਊਟਰ ਅਤੇ ਆਈ.ਟੀ ਸਿੱਖਿਆ ਦੀ ਅਧਿਆਪਕਾ ਸ਼੍ਰੀਮਤੀ ਸਨੇਹ ਲਤਾ ਨੇ ਆਪਣੇ ਮੁੱਖ ਭਾਸ਼ਣ ਨਾਲ ਸਿੱਖਿਆ ਵਿੱਚ ਹੁਨਰ ਵਿਕਾਸ ਦੀ ਮਹੱਤਤਾ ਤੇ ਜ਼ੋਰ ਦਿੱਤਾ । ਨਵੀਨਤਾਕਾਰੀ ਅਧਿਆਪਨ ਵਿਧੀਆਂ ਮਾਹਿਰਾਂ ਨੇ ਵਿਦਿਆਰਥੀਆਂ ਦੀ ਸ਼ਮੂਲੀਅਤ ਅਤੇ ਸਿੱਖਣ ਦੇ ਨਤੀਜਿਆਂ ਨੂੰ ਵਧਾਉਣ ਲਈ ਨਵੀਨਤਾਕਾਰੀ ਅਧਿਆਪਨ ਵਿਧੀਆਂ ਅਤੇ ਰਣਨੀਤੀਆਂ ਸਾਂਝੀਆਂ ਕੀਤੀਆਂ ਟੈਕਨੋਲੋਜੀ ਏਕੀਕਰਣ ਭਾਗੀਦਾਰਾਂ ਨੇ ਵਿਦਿਆਰਥੀ ਦੀ ਸਿਖਲਾਈ ਨੂੰ ਸਮਰਥਨ ਦੇਣ ਲਈ ਕਲਾਸਰੂਮ ਵਿੱਚ ਪ੍ਰਭਾਵਸ਼ਾਲੀ ਤਕਨਾਲੋਜੀ ਏਕੀਕਰਣ ਬਾਰੇ ਸਿੱਖਿਆ ਸਹਿਯੋਗ ਅਤੇ ਨੈੱਟਵਰਕਿੰਗ ਵਰਕਸ਼ਾਪ ਨੇ ਸਿੱਖਿਅਕਾਂ ਨੂੰ ਸਾਥੀਆਂ ਨਾਲ ਸਹਿਯੋਗ ਕਰਨ, ਵਿਚਾਰ ਸਾਂਝੇ ਕਰਨ ਅਤੇ ਨੈਟਵਰਕ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ ਵਿਦਿਅਕ ਵਰਕਸ਼ਾਪ ਬਹੁਤ ਸਫਲ ਰਹੀ, ਜਿਸ ਵਿੱਚ ਭਾਗੀਦਾਰਾਂ ਨੇ ਜਾਣਕਾਰੀ ਭਰਪੂਰ ਸੈਸ਼ਨਾਂ ਅਤੇ ਇੰਟਰਐਕਟਿਵ ਗਤੀਵਿਧੀਆਂ ਦੀ ਸ਼ਲਾਘਾ ਕੀਤੀ। ਵਰਕਸ਼ਾਪ ਨੇ ਸਿੱਖਿਆ ਵਿੱਚ ਨਿਰੰਤਰ ਪੇਸ਼ੇਵਰ ਵਿਕਾਸ ਦੀ ਲੋੜ ਤੇ ਜ਼ੋਰ ਦਿੱਤਾ ਅਤੇ ਸਿੱਖਿਅਕਾਂ ਨੂੰ ਅਧਿਆਪਨ ਅਤੇ ਸਿੱਖਣ ਵਿੱਚ ਉੱਤਮਤਾ ਲਈ ਯਤਨ ਕਰਨ ਲਈ ਉਤਸ਼ਾਹਿਤ ਕੀਤਾ।

ਰੋਜ਼ਾਨਾ ਲੋਕ ਬਾਣੀ www.lokbani

# ਹਿੰਦੂ ਏਕਤਾ ਸੰਗਠਨ ਤਾਰਾਗੜ੍ਹ ਵਲੋਂ ਪਹਿਲਾਂ ਖ਼ੂਨ ਦਾਨ ਕੈਂਪ ਲਗਾਇਆ ਗਿਆ

## ਖ਼ੂਨਦਾਨ ਕਰਕੇ ਨੌਜਵਾਨਾਂ ਨੇ ਮਿਸਾਲ ਕਾਇਮ ਕੀਤੀ * ਪ੍ਰਿਅੰਕਾ ਬਾਬਾ / ਮਹੰਤ ਰਾਮ ਪ੍ਰਕਾਸ਼

ਦੀਨਾਨਗਰ (ਲੋਕ ਬਾਣੀ) ਹਿੰਦੂ ਏਕਤਾ ਸੰਗਠਨ ਤਾਰਾਗੜ੍ਹ ਵਲੋਂ ਪ੍ਰਧਾਨ ਅਰੁਣ ਠਾਕੁਰ ਸੋਨੂੰ ਅਤੇ ਮਣਦੇਵ ਠਾਕੁਰ ਦੀ ਅਗਵਾਈ ਹੇਠ ਪਹਿਲਾਂ ਖ਼ੂਨ ਦਾਨ ਕੈਂਪ ਆਮ ਆਦਮੀ ਕਲੀਨਿਕ ਤਾਰਾਗੜ੍ਹ ਦੀ ਡਾਕਟਰ ਅਨੁਭਵ ਭਾਰਦਵਾਜ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਪ੍ਰਿਅੰਕਾ ਬਾਬਾ ਜੀ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸ਼੍ਰੀ ਰਾਮ ਮੰਦਿਰ ਦੇ ਮਹੰਤ ਰਾਮ ਪ੍ਰਕਾਸ਼ ਜੀ ਅਤੇ ਸਮਾਜ ਸੇਵੀ ਡਾਕਟਰ ਰਾਕੇਸ਼ ਸੈਣੀ ਜੀ ਨੇ ਹਾਜਰ ਹੋ ਕੇ ਖ਼ੂਨਦਾਨ ਕੈਂਪ ਦੀ ਸ਼ੁਰੂਆਤ ਕੀਤੀ। ਇਸ ਖ਼ੂਨਦਾਨ ਕੈਂਪ ਵਿੱਚ ਹਿੰਦੂ ਏਕਤਾ ਸੰਗਠਨ ਦੇ ਕਾਰਕੁੰਨਾਂ ਅਤੇ ਨੌਜਵਾਨਾਂ ਨੇ ਇੱਕ ਸੌ ਤੋਂ ਵੱਧ ਯੂਨਿਟ ਖ਼ੂਨਦਾਨ ਕਰਕੇ ਮਿਸਾਲ ਕਾਇਮ ਕੀਤੀ। ਇਸ ਮੌਕੇ ਤੇ ਹਾਜਿਰ ਹੋਏ ਮੁੱਖ ਮਹਿਮਾਨ ਪ੍ਰਿਅੰਕਾ ਬਾਬਾ ਨੇ ਕਿਹਾ ਕਿ ਖ਼ੂਨਦਾਨ ਕਰਨਾ ਇੱਕ ਬਹੁਤ ਹੀ ਮਹੱਤਵਪੂਰਨ ਦਾਨ ਹੈ ਕਿਉਂਕਿ ਇਸ ਨਾਲ ਕੀਮਤੀ ਯਾਨਾ ਨੂੰ ਬਚਾਇਆ ਜਾ ਸਕਦਾ ਹੈ। ਇਸ ਖ਼ੂਨਦਾਨ ਕੈਂਪ ਵਿੱਚ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਅਤੇ ਹਿੰਦੂ ਏਕਤਾ ਸੰਗਠਨ ਦੇ ਕਾਰਕੁੰਨਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਨੌਜਵਾਨਾਂ ਦਾ ਇਹ ਬਹੁਤ ਵੱਡਾ ਉਪਰਾਲਾ ਹੈ ਜਿਸ ਨਾਲ ਹਜਾਰਾਂ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਮਾਜ ਵਿਚ ਸਾਰੇ ਵਰਗਾਂ ਦੇ ਲੋਕਾਂ ਨੂੰ ਇਸ ਤਰ੍ਹਾਂ ਦੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਸਮਾਜ ਦੇ ਹਰ ਵਰਗ ਦੇ ਲੋਕ ਇਸ ਤਰ੍ਹਾਂ ਦੇ ਉਪਰਾਲੇ ਕਰਨ। ਇਸ ਮੌਕੇ ਤੇ ਹਾਜ਼ਰ ਹੋਏ ਵਿਸ਼ੇਸ਼ ਮਹਿਮਾਨ ਮਹੰਤ ਰਾਮ ਪ੍ਰਕਾਸ਼ ਅਤੇ ਡਾਕਟਰ ਰਾਕੇਸ਼ ਸੈਣੀ ਨੇ ਵੀ ਇਸ ਖ਼ੂਨਦਾਨ ਕੈਂਪ ਲਗਾਉਣ ਲਈ ਹਿੰਦੂ ਏਕਤਾ ਸੰਗਠਨ ਦੇ ਮੈਂਬਰਾਂ ਨੂੰ ਵਧਾਈ ਦਿੰਦੇ ਹੋਏ ਇਸ ਉਪਰਾਲੇ ਲਈ ਉਨ੍ਹਾਂ ਦੀ ਪ੍ਰਸੰਸਾ ਕੀਤੀ ਅਤੇ ਇਸ ਉਪਰਾਲੇ ਨੂੰ ਸਮਾਜ ਸੇਵਾ ਦਾ ਇੱਕ ਵਧੀਆ ਉਪਰਾਲਾ ਦੱਸਿਆ। ਇਸ ਮੌਕੇ ਤੇ ਨੰਬਰਦਾਰ ਯੁਵਰਾਜ ਸਿੰਘ ਡਿੰਪਲ, ਸੁਧੀਰ ਸਿੰਘ, ਮਾਸਟਰ ਅਜੇ ਮਹਾਜਨ, ਮਲਕੀਤ ਸਿੰਘ ਸ਼ੈਲਾ, ਹਰਮੇਸ਼ ਠਾਕੁਰ, ਰੋਵਿਨ ਸੈਣੀ, ਪਟਵਾਰੀ ਅਨਿਲ ਠਾਕੁਰ, ਸਰਪੰਚ ਰਿੰਕੂ ਸੈਣੀ, ਸਰਪੰਚ ਮੁੰਨਾ ਠਾਕੁਰ, ਸਰਪੰਚ ਮਨਜੀਤ ਸਿੰਘ ਬਾਲ ਕਿਸ਼ਨ. ਮਦਨ ਲਾਲ ਮੱਦੀ. ਭਾਜਪਾ ਆਗੂ ਰਾਜੇਸ਼ ਕੁਮਾਰ,ਸੁਭਾਸ਼ ਬਾਸ਼ਾ ,ਬਲਵਿੰਦਰ ਸਿੰਘ ਬਿੰਦਾ, ਮਨੂ ਸਲਾਰੀਆ, ਸਾਬੂ ਸਰਪੰਚ ਝੇਲਾ ਪੱਪੀ ਠਾਕੁਰ, ਅੱਜਰ ਸਿੰਘ ਸਹਿਤ ਹਿੰਦੂ ਏਕਤਾ ਸੰਗਠਨ ਦੇ ਬਹੁਤ ਸਾਰੇ ਮੈਂਬਰ ਹਾਜ਼ਰ ਸਨ।



**ਨੌਜਵਾਨਾਂ ਨੇ 100 ਤੋਂ ਵੱਧ ਯੂਨਿਟ ਖ਼ੂਨ ਦਾਨ ਕੀਤਾ**

ਰੋਜ਼ਾਨਾ ਲੋਕ ਬਾਣੀ www.lokbani

# ਫਗਵਾੜਾ ਨਿਗਮ ਚੋਣਾਂ ਵਿੱਚ ਕਾਂਗਰਸ ਤੇ ਬਸਪਾ ਦੀ ਇੱਕਜੁਟਤਾ-ਦੋਵੇਂ ਪਾਰਟੀਆਂ ਮਿਲਕੇ ਲੜਨਗੀਆਂ ਚੋਣ



ਫਗਵਾੜਾ (ਸੁਸ਼ੀਲ ਸ਼ਰਮਾ)ਫਗਵਾੜਾ ਨਗਰ ਨਿਗਮ ਦੀਆਂ ਚੋਣਾਂ ਚ ਕਾਂਗਰਸ ਤੇ ਬਸਪਾ ਆਪਸ ਚ ਸਮਝੌਤੇ ਨਾਲ ਚੋਣਾਂ ਲੜਨਗੀਆਂ ਤੇ ਜਿੱਤ ਦਰਜ ਕਰਨਗੀਆਂ। ਇਹ ਪ੍ਰਗਟਾਵਾ ਅੱਜ ਬਲਾਕ ਕਾਂਗਰਸ ਸ਼ਹਿਰੀ ਪ੍ਰਧਾਨ ਤਰਨਜੀਤ ਸਿੰਘ ਬੰਟੀ ਵਾਲੀਆ ਨੇ ਕਰਦਿਆਂ ਕਿਹਾ ਕਿ ਫਗਵਾੜਾ ਚ ਕਾਂਗਰਸ ਦੇ ਉਮੀਦਵਾਰ 42 ਸੀਟਾਂ ਤੇ ਚੋਣ ਲੜਨਗੇ ਜਦਕਿ ਬਸਪਾ 6 ਸੀਟਾਂ ਤੇ ਚੋਣ ਲੜੇਗੀ।ਅੱਜ ਸਿਟੀ ਹਾਰਟ ਵਿੱਚ ਪ੍ਰੈੱਸ ਕਾਨਫ਼ਰੰਸ ਦੌਰਾਨ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਨੇ ਪਹਿਲਾਂ ਵੀ ਵਿਕਾਸ ਦੇ ਨਾਮ ਤੇ ਹੀ ਕੰਮ ਕੀਤਾ ਹੈ ਤੇ ਹੁਣ ਵੀ ਪਾਰਟੀ ਦਾ ਮੁੱਖ ਏਜੰਡਾ ਵਿਕਾਸ ਹੋਵੇਗਾ। ਉਨ੍ਹਾਂ ਕਿਹਾ ਕਿ ਜਿਹੜੀਆਂ ਸੀਟਾਂ ਤੇ ਕਾਂਗਰਸੀ ਉਮੀਦਵਾਰ ਖੜ੍ਹੇ ਹਨ, ਉੱਥੇ ਬਸਪਾ ਹਮਾਇਤ ਕਰੇਗੀ ਤੇ ਜਿੱਥੇ ਬਸਪਾ ਦੇ ਉਮੀਦਵਾਰ ਹਨ ਉੱਥੇ ਕਾਂਗਰਸੀ ਹਮਾਇਤ ਕਰਨਗੇ।

ਉਨ੍ਹਾਂ ਕਿਹਾ ਕਿ ਲੋਕ ਆਪ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੌਰਾਨ ਕੀਤੇ ਵਿਕਾਸ ਨੂੰ ਦੇਖਦੇ ਇਨ੍ਹਾਂ ਨੂੰ ਮੂੰਹ ਨਹੀਂ ਲਗਾਉਣਗੇ ਤੇ ਇਸ ਦਾ ਨਤੀਜਾ 21 ਦਸੰਬਰ ਨੂੰ ਸਾਹਮਣੇ ਆਵੇਗਾ। ਇਸ ਮੌਕੇ ਰਮੇਸ਼ ਕੌਲ, ਲੇਖ ਰਾਜ,ਸੁਖਵਿੰਦਰ ਬਿੱਲੂ ਖੇੜਾ ਸਮੇਤ ਕਈ ਆਗੂ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਫਗਵਾੜਾ ਕੋਰਟ ਕੰਪਲੈਕਸ ਵਿਖੇ ਲੋਕ ਅਦਾਲਤ ਦੌਰਾਨ 725 ਕੇਸਾਂ ਦਾ ਮੌਕੇ 'ਤੇ ਕੀਤਾ ਨਿਪਟਾਰਾ




ਫਗਵਾੜਾ ( ਸੁਸ਼ੀਲ ਸ਼ਰਮਾ ) ਅਦਾਲਤਾਂ ਵਿੱਚ ਕੇਸਾਂ ਦੇ ਬੋਝ ਨੂੰ ਘੱਟ ਕਰਨ ਦੇ ਉਦੇਸ਼ ਨਾਲ ਫਗਵਾੜਾ ਕੋਰਟ ਕੰਪਲੈਕਸ ਵਿਖੇ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਜੁਡੀਸ਼ੀਅਲ ਮੈਜਿਸਟਰੇਟ ਸੀਨੀਅਰ ਡਵੀਜ਼ਨ ਸੁਰੇਖਾ ਡਡਵਾਲ, ਸ੍ਰੀ ਹਰਸ਼ਬੀਰ ਸੰਧੂ (ਜੇ.ਐਮ.ਆਈ.ਸੀ.) ਤੋਂ ਇਲਾਵਾ ਮੈਂਬਰ ਐਡਵੋਕੇਟ ਧਨਦੀਪ ਕੌਰ, ਅੰਕਿਤ ਢੀਂਗਰਾ ਅਤੇ ਸੋਨਿਕਾ ਹਾਂਡਾ ਤੇ ਸੰਨੀ ਦੇਵ ਨੇ ਕੁੱਲ 1250 ਕੇਸਾਂ ਵਿੱਚੋਂ 725 ਕੇਸਾਂ ਦਾ ਦੋਵੇਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਮੌਕੇ 'ਤੇ ਹੀ ਨਿਪਟਾਰਾ ਕੀਤਾ। ਬਾਰ ਐਸੋਸੀਏਸ਼ਨ ਫਗਵਾੜਾ ਦੀ ਜਨਰਲ ਸਕੱਤਰ ਐਡਵੋਕੇਟ ਧਨਦੀਪ ਕੌਰ ਨੇ ਦੱਸਿਆ ਕਿ ਲੋਕ ਅਦਾਲਤਾਂ ਉਹ ਮੰਚ ਹਨ ਜਿੱਥੇ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਲੋਕ ਅਦਾਲਤ ਨੂੰ ਮਸਲਿਆਂ ਦੇ ਨਿਪਟਾਰੇ ਦਾ ਬਦਲਵਾਂ ਸਾਧਨ ਕਿਹਾ ਜਾ ਸਕਦਾ ਹੈ। ਜਿਸ ਵਿੱਚ ਆਮ ਤੌਰ ਤੇ ਜਾਇਦਾਦ ਸਬੰਧੀ ਵਿਵਾਦ, ਵਿੱਤੀ ਝਗੜੇ, ਅਤੇ ਵਿਆਹੁਤਾ ਮਸਲਿਆਂ ਵਰਗੇ ਘਰੇਲੂ ਮਸਲਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲੋਕ ਅਦਾਲਤ ਵਿੱਚ ਕਿਸੇ ਵੀ ਧਿਰ ਨੂੰ ਸਜ਼ਾ ਨਹੀਂ ਦਿੱਤੀ ਜਾਂਦੀ। ਵਿਵਾਦਾਂ ਨੂੰ ਗੱਲਬਾਤ ਰਾਹੀਂ ਹੱਲ ਕੀਤਾ ਜਾਂਦਾ ਹੈ। ਲੋਕ ਅਦਾਲਤ ਦੇ ਫੈਸਲੇ ਅਨੁਸਾਰ ਮੁਆਵਜ਼ਾ ਅਤੇ ਹਰਜਾਨਾ ਵੀ ਤੁਰੰਤ ਅਦਾ ਕੀਤਾ ਜਾਂਦਾ ਹੈ। ਖਾਸ ਗੱਲ ਇਹ ਹੈ ਕਿ ਲੋਕ ਅਦਾਲਤ ਦੇ ਫੈਸਲਿਆਂ ਦੀ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ। ਲੋਕ ਅਦਾਲਤ ਵਿੱਚ ਸੈਟਲਮੈਂਟ ਰਾਹੀਂ ਨਿਪਟਾਏ ਗਏ ਕੇਸਾਂ ਦੀ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ। ਇਸ ਮੌਕੇ ਐਡਵੋਕੇਟ ਅਸ਼ੀਸ਼ ਕੁਮਾਰ, ਐਡਵੋਕੇਟ ਸੰਜਨਾ, ਐਡਵੋਕੇਟ ਮਨਪ੍ਰੀਤ ਕੌਰ, ਐਡਵੋਕੇਟ ਪ੍ਰਭਾ, ਐਡਵੋਕੇਟ ਮਮਤਾ ਰਾਣੀ, ਐਡਵੋਕੇਟ ਮਨਮੋਹਨ ਸਿੰਘ, ਐਡਵੋਕੇਟ ਰਾਜੀਵ ਸ਼ਰਮਾ, ਐਡਵੋਕੇਟ ਗੁਰਦੇਵ ਸਿੰਘ ਆਦਿ ਹਾਜ਼ਰ ਸਨ ।

ਰੋਜ਼ਾਨਾ ਲੋਕ ਬਾਣੀ www.lokbani

## ਦਿਨ ਦਿਹਾੜੇ ਮਹਿਲਾ ਦਾ ਪਰਸ ਚੋਰੀ ਕਰਨ ਵਾਲੀਆਂ ਪੁਲਿਸ ਨੇ ਕੀਤੀਆਂ ਕਾਬੂ

ਰੋਜ਼ਾਨਾ ਲੋਕ ਬਾਣੀ www.lokbani

ਫਗਵਾੜਾ (ਸੁਸ਼ੀਲ ਸ਼ਰਮਾ)ਦਿਨ ਦਿਹਾੜੇ ਮਹਿਲਾ ਦਾ ਪਰਸ ਚੋਰੀ ਕਰਨ ਦੇ ਸਬੰਧ ਚ ਸਿਟੀ ਪੁਲੀਸ ਨੇ ਦੋ ਮਹਿਲਾਵਾਂ ਖਿਲਾਫ਼ ਕੇਸ ਦਰਜ ਕੀਤਾ ਹੈ। ਐੱਸਪੀ ਰੁਪਿੰਦਰ ਕੌਰ ਭੱਟੀ ਤੇ ਐੱਸਐੱਚਓ ਸਿਟੀ ਅਮਨਦੀਪ ਨਾਹਰ ਨੇ ਦੱਸਿਆ ਕਿ ਸ਼ਿਕਾਇਤਕਰਤਾ ਰਜਿੰਦਰ ਕੌਰ ਪਤਨੀ ਸਤਪਾਲ ਸਿੰਘ ਵਾਸੀ ਜਗਤਪੁਰ ਜੱਟਾਂ ਨੇ ਪੁਲੀਸ ਨੂੰ ਦਿੱਤੀ ਸ਼ਿਕਾਇਤ ਚ ਦੱਸਿਆ ਕਿ 12 ਦਸੰਬਰ ਨੂੰ ਉਹ ਬਾਜ਼ਾਰ ਚੋਂ ਖਰੀਦਦਾਰੀ ਕਰ ਰਹੀ ਸੀ ਤਾਂ ਇਸੇ ਦੌਰਾਨ ਦੋ ਮਹਿਲਾਵਾ ਵੱਲੋਂ ਉਸਦੇ ਪਰਸ ਚੋਂ ਛੋਟਾ ਪਰਸ ਕੱਢ ਲਿਆ ਗਿਆ।ਇਸ ਦੀ ਸ਼ਿਕਾਇਤ ਉਸ ਨੇ ਪੁਲੀਸ ਨੂੰ ਕੀਤੀ ਜਿਸ ਤੋਂ ਬਾਅਦ ਪੁਲੀਸ ਨੇ ਨਰਗਿਸ ਤੇ ਸੋਨਮ ਨੂੰ ਕਾਬੂ ਕਰ ਕੇ ਇਨ੍ਹਾਂ ਪਾਸੋਂ ਇੱਕ ਚੋਰੀ ਕੀਤਾ ਪਰਸ ਤੇ 1000 ਰੁਪਏ ਬਰਾਮਦ ਕੀਤੇ ਹਨ।


## ਘਰ ਵਿੱਚ ਵੜ ਕੇ ਹਮਲਾ ਕਰਨ ਤੇ ਵਾਲੇ 8 ਲੋਕ ਨਾਮਜ਼ਦ

ਰੋਜ਼ਾਨਾ ਲੋਕ ਬਾਣੀ www.lokbani

ਫਗਵਾੜਾ (ਸੁਸ਼ੀਲ ਸ਼ਰਮਾ) ਮੁਹੱਲਾ ਪੀਪਾ ਰੰਗੀ ਵਿਖੇ ਇੱਕ ਘਰ ਵਿੱਚ ਦਾਖ਼ਲ ਹੋ ਕੇ ਹਮਲਾ ਕਰਨ ਦੇ ਮਾਮਲੇ ਚ ਪੁਲਿਸ ਨੇ ਅੱਠ ਵਿਅਕਤੀਆਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਸਾਹਿਲ ਵਾਸੀ ਮੁਹੱਲਾ ਪੀਪਾ ਰੰਗੀ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਚ ਦੱਸਿਆ ਕਿ ਜਦੋਂ ਉ ਘਰ ਚ ਸੀ ਤਾਂ ਡੋਨੀ ਵਾਸੀ ਫਗਵਾੜਾ ਨੇ ਸਾਥੀਆਂ ਸਮੇਤ ਉਸ ਦੇ ਘਰ ਚ ਦਾਖ਼ਲ ਹੋ ਕੇ ਉਸ ਤੇ ਹਮਲਾ ਕਰ ਕੇ ਜ਼ਖ਼ਮੀ ਕਰ ਦਿੱਤਾ।ਏ.ਐਸ.ਆਈ ਜਸਵੀਰ ਸਿੰਘ ਨੇ ਡੋਨੀ ਵਾਸੀ ਫਗਵਾੜਾ, ਰਾਹੁਲ, ਸੁਮਿਤ,ਰਾਹੁਲ, ਬਲਰਾਜ ਬੰਗਾ ਵਾਸੀ ਖੋਥੜਾ ਤੇ ਤਿੰਨ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

# ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ, ਫਗਵਾੜਾ ਦੀ ਐਨ.ਐਸ.ਐਸ.ਯੂਨਿਟ ਨੇ 12 ਦਸੰਬਰ, 2024 ਤੋਂ 18 ਦਸੰਬਰ, 2024 ਤੱਕ ਬਿਹਤਰ ਭਵਿੱਖ ਲਈ ਨੌਜਵਾਨਾਂ ਦਾ ਸਸ਼ਕਤੀਕਰਨ ਵਿਸ਼ੇ ਤੇ 7 ਦਿਨਾਂ ਵਿਸ਼ੇਸ਼ ਐਨਐਸਐਸ ਕੈਂਪ ਦਾ ਆਯੋਜਨ ਕੀਤਾ।








ਫ਼ਗਵਾੜਾ (ਸੁਸ਼ੀਲ ਸ਼ਰਮਾ) ਕਾਲਜ ਪ੍ਰਿੰਸੀਪਲ ਡਾ. ਸਵਿੰਦਰ ਪਾਲ ਦੀ ਯੋਗ ਅਗਵਾਈ ਹੇਠ ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ, ਫਗਵਾੜਾ ਦੀ ਐਨ.ਐਸ.ਐਸ.ਯੂਨਿਟ 12 ਦਸੰਬਰ 2024 ਤੋਂ 18 ਦਸੰਬਰ 2024 ਤੱਕ ਇਮਪਾਵਰਿੰਗ ਯੂਥ ਫਾਰ ਏ ਬੈਟਰ ਫਿਊਚਰ ਵਿਸ਼ੇ 'ਤੇ 7 ਰੋਜ਼ਾ ਐਨ.ਐਸ.ਐਸ. ਦਾ ਆਯੋਜਨ ਕਰ ਰਹੀ ਹੈ। ਐੱਸ ਵੱਲੋਂ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ। ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਪ੍ਰੋ.(ਡਾ.) ਅਮਰਜੀਤ ਸਿੰਘ, ਸਾਬਕਾ ਡੀਨ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ (ਗਡਵਾਸੂ), ਲੁਧਿਆਣਾ ਨੇ ਰਿਬਨ ਕੱਟਣ ਅਤੇ ਦੀਪਮਾਲਾ ਕਰਨ ਦੀ ਰਸਮ ਅਦਾ ਕੀਤੀ। ਕਾਲਜ ਪਿ੍ਰੰਸੀਪਲ ਡਾ: ਸਵਿੰਦਰ ਪਾਲ, ਵਾਈਸ ਪਿ੍ਰੰਸੀਪਲ ਡਾ: ਰੁਮਿੰਦਰ ਕੌਰ, ਐੱਨਐੱਸਐੱਸ ਪ੍ਰੋਗਰਾਮ ਅਫ਼ਸਰ ਡਾ: ਲਲਿਤ ਕੁਮਾਰ ਅਤੇ ਮੈਡਮ ਨਿਧੀ ਜੱਸਲ ਅਤੇ ਕੁਲਦੀਪ ਸਿੰਘ ਨੇ ਮੁੱਖ ਮਹਿਮਾਨ ਦਾ ਫੁੱਲਾਂ ਨਾਲ ਸਵਾਗਤ ਕੀਤਾ ।

ਦਿਨ ਦੀ ਸ਼ੁਰੂਆਤ ਐੱਨ.ਐੱਸ.ਐੱਸ.ਵਾਲੰਟੀਅਰਾਂ ਵੱਲੋਂ ਰੂਹਾਨੀ ਸ਼ਬਦ ਨਾਲ ਕੀਤੀ ਗਈ। ਵਲੰਟੀਅਰਾਂ ਨੇ ਕਵਿਤਾ ਵੀ ਸੁਣਾਈ। ਵਲੰਟੀਅਰਾਂ ਨੂੰ ਪਿਛਲੇ ਐਨਐਸਐਸ ਕੈਂਪਾਂ ਦੀਆਂ ਗਤੀਵਿਧੀਆਂ ਦੇ ਪੀ.ਪੀ.ਟੀ.ਮੁੱਖ ਮਹਿਮਾਨ ਕਮ ਰਿਸੋਰਸ ਪਰਸਨ ਡਾ.ਅਮਰਜੀਤ ਸਿੰਘ ਵੱਲੋਂ ਇਕ ਐਕਸਟੈਨਸ਼ਨ ਲੈਕਚਰ ਵੀ ਕਰਵਾਇਆ ਗਿਆ। ਉਨ੍ਹਾਂ ਨੇ ਵਲੰਟੀਅਰਾਂ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਨੂੰ ਨੌਜਵਾਨਾਂ ਦੇ ਸਸ਼ਕਤੀਕਰਨ ਦੀ ਮਹੱਤਤਾ ਦੇ ਨਾਲ-ਨਾਲ ਉਨ੍ਹਾਂ ਤਰੀਕਿਆਂ ਅਤੇ ਵੱਖ-ਵੱਖ ਸਰੋਤਾਂ ਬਾਰੇ ਦੱਸਿਆ ਜਿਨ੍ਹਾਂ ਰਾਹੀਂ ਦੇਸ਼ ਦੇ ਨੌਜਵਾਨਾਂ ਨੂੰ ਸਸ਼ਕਤ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਉਨ੍ਹਾਂ ਨੂੰ ਨੌਜਵਾਨ ਪੀੜ੍ਹੀ ਲਈ ਉੱਦਮੀ ਹੁਨਰ ਦੀ ਮਹੱਤਤਾ ਬਾਰੇ ਵੀ ਜਾਗਰੂਕ ਕੀਤਾ ਅਤੇ ਇਹ ਹੁਨਰ ਕਿਵੇਂ ਬਣਾਏ ਜਾ ਸਕਦੇ ਹਨ ਅਤੇ ਇੱਕ ਚੰਗੇ ਮਨੁੱਖ ਨੂੰ ਬਣਾਉਣ ਵਿੱਚ ਉਪਯੋਗੀ ਸਾਬਤ ਹੋ ਸਕਦੇ ਹਨ। ਐਨਐਸਐਸ ਪ੍ਰੋਗਰਾਮ ਅਫ਼ਸਰ ਮੈਡਮ ਨਿਧੀ ਜੱਸਲ ਨੇ ਧੰਨਵਾਦ ਦਾ ਮਤਾ ਪੇਸ਼ ਕਰਦਿਆਂ ਵਲੰਟੀਅਰਾਂ ਨੂੰ ਦੱਸਿਆ ਕਿ ਐਨਐਸਐਸ ਸਿਰਫ਼ ਇੱਕ ਪ੍ਰੋਗਰਾਮ ਨਹੀਂ ਹੈ ਬਲਕਿ ਇਹ ਨੌਜਵਾਨਾਂ ਨੂੰ ਸਮਾਜ ਸੇਵਾ ਪ੍ਰਤੀ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਕੈਂਪ ਵੀ ਉਸੇ ਮਿਸ਼ਨ ਦੀ ਪੂਰਤੀ ਵੱਲ ਇੱਕ ਉਪਰਾਲਾ ਹੈ, ਜਿੱਥੇ ਵਲੰਟੀਅਰ ਅਸਲ ਜ਼ਿੰਦਗੀ ਦੇ ਤਜ਼ਰਬਿਆਂ ਰਾਹੀਂ ਸਮਾਜ ਦੀ ਸੇਵਾ ਕਰਨ ਲਈ ਨਵੀਆਂ ਚੀਜ਼ਾਂ ਅਤੇ ਤਰੀਕੇ ਸਿੱਖਣਗੇ। ਕੈਂਪ ਦੇ ਪਹਿਲੇ ਦਿਨ ਵੱਖ-ਵੱਖ ਕਮੇਟੀਆਂ ਦਾ ਗਠਨ ਵੀ ਕੀਤਾ ਗਿਆ। ਇਸ ਮੌਕੇ ਐਨ.ਐਸ.ਐਸ ਨੈਸ਼ਨਲ ਐਵਾਰਡੀ ਡਾ.ਤਰਸੇਮ ਸਿੰਘ ਭਿੰਡਰ, ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ ਵੱਲੋਂ ਵਲੰਟੀਅਰਾਂ ਲਈ ਇੱਕ ਪ੍ਰੇਰਣਾਦਾਇਕ ਲੈਕਚਰ ਦਾ ਆਯੋਜਨ ਕੀਤਾ ਗਿਆ। ਉਹ ਐਨਐਸਐਸ ਦੇ ਪ੍ਰੀ-ਆਰਡੀ ਕੈਂਪ ਦਾ ਵੀ ਹਿੱਸਾ ਰਿਹਾ ਹੈ। ਡਾ: ਤਰਸੇਮ ਨੇ ਵਲੰਟੀਅਰਾਂ ਨੂੰ ਲੋੜਵੰਦਾਂ ਦੀ ਮਦਦ ਕਰਨ ਪ੍ਰਤੀ ਮਾਣ ਅਤੇ ਜ਼ਿੰਮੇਵਾਰੀ ਦੀ ਭਾਵਨਾ ਨਾਲ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਕੈਂਪ ਦੇ ਪਹਿਲੇ ਦਿਨ ਐਨਐਸਐਸ ਵਲੰਟੀਅਰਾਂ ਨੇ ਕਾਲਜ ਕੈਂਪਸ ਦੇ ਲਾਅਨ ਦੀ ਸਫ਼ਾਈ ਕੀਤੀ। ਕਾਲਜ ਪ੍ਰਿੰਸੀਪਲ ਡਾ: ਸਵਿੰਦਰ ਪਾਲ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਐਨ.ਐਸ.ਐਸ ਵਲੰਟੀਅਰਾਂ ਅਤੇ ਪ੍ਰੋਗਰਾਮ ਅਫ਼ਸਰਾਂ ਮੈਡਮ ਨਿਧੀ ਜੱਸਲ ਅਤੇ ਡਾ: ਲਲਿਤ ਕੁਮਾਰ ਵੱਲੋਂ ਕੀਤੇ ਗਏ ਸਾਂਝੇ ਯਤਨਾਂ ਦੀ ਸ਼ਲਾਘਾ ਕੀਤੀ।

™©3⇨, ਫਗਵਾੜਾ ਦੀ ©♥♥ ਯੂਨਿਟ 12 ਦਸੰਬਰ, 2024 ਤੋਂ 18 ਦਸੰਬਰ, 2024 ਤੱਕ ਇੱਕ ਬਿਹਤਰ ਭਵਿੱਖ ਲਈ ਨੌਜਵਾਨਾਂ ਦਾ ਸਸ਼ਕਤੀਕਰਨ ਵਿਸ਼ੇ ਤੇ 7 ਦਿਨਾਂ ਦਾ ਵਿਸ਼ੇਸ਼ ©♥♥ ਕੈਂਪ ਆਯੋਜਿਤ ਕਰ ਰਹੀ ਹੈ।

ਕਾਲਜ ਪਿ੍ਰੰਸੀਪਲ ਦੀ ਯੋਗ ਅਗਵਾਈ ਹੇਠ ਡਾ. ਸਵਿੰਦਰ ਪਾਲ, ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ, ਫਗਵਾੜਾ ਦੀ ਐਨ.ਐਸ.ਐਸ. ਯੂਨਿਟ ਇੱਕ ਬਿਹਤਰ ਭਵਿੱਖ ਲਈ ਨੌਜਵਾਨਾਂ ਨੂੰ ਸਸ਼ਕਤੀਕਰਨ ਵਿਸ਼ੇ ਤੇ 7-ਰੋਜ਼ਾ ਐਨਐਸਐਸ ਵਿਸ਼ੇਸ਼ ਕੈਂਪ ਦਾ ਆਯੋਜਨ ਕਰ ਰਹੀ ਹੈ। ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਪ੍ਰੋ.(ਡਾ.) ਅਮਰਜੀਤ ਸਿੰਘ, ਸਾਬਕਾ ਡੀਨ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ (ਗਡਵਾਸੂ), ਲੁਧਿਆਣਾ ਨੇ ਰਿਬਨ ਕੱਟ ਕੇ ਅਤੇ ਸ਼ਮ੍ਹਾ ਰੌਸ਼ਨ ਕਰਕੇ ਕੀਤਾ।ਕਾਲਜ ਦੇ ਪ੍ਰਿੰਸੀਪਲ ਡਾ: ਸਵਿੰਦਰ ਪਾਲ, ਵਾਈਸ ਪ੍ਰਿੰਸੀਪਲ ਡਾ. ਰੁਮਿੰਦਰ ਕੌਰ, ਐਨਐਸਐਸ ਪ੍ਰੋਗਰਾਮ ਅਫਸਰ, ਡਾ. ਲਲਿਤ ਕੁਮਾਰ ਅਤੇ ਸ. ਨਿਧੀ ਜੱਸਲ ਅਤੇ ਸ. ਕੁਲਦੀਪ ਸਿੰਘ ਨੇ ਮੁੱਖ ਮਹਿਮਾਨ ਦਾ ਫੁੱਲਾਂ ਨਾਲ ਸਵਾਗਤ ਕੀਤਾ। ਦਿਨ ਦੀ ਸ਼ੁਰੂਆਤ ©♥♥ ਵਾਲੰਟੀਅਰਾਂ ਦੁਆਰਾ ਸ਼ਬਦ, ਕਵਿਤਾ ਪਾਠ ਅਤੇ ©♥♥ ਗੀਤ ਨਾਲ ਕੀਤੀ ਗਈ। ਵਲੰਟੀਅਰਾਂ ਨੂੰ ਪਿਛਲੇ ਐਨਐਸਐਸ ਕੈਂਪਾਂ ਦੀਆਂ ਗਤੀਵਿਧੀਆਂ ਦੇ ਪੀ.ਪੀ.ਟੀ. ਦਿਖਾਏ ਗਏ।ਮੁੱਖ ਮਹਿਮਾਨ ਕਮ ਰਿਸੋਰਸ ਪਰਸਨ, ਡਾ. ਅਮਰਜੀਤ ਸਿੰਘ ਵੀ ਕਰਵਾਇਆ ਗਿਆ। ਉਨ੍ਹਾਂ ਨੇ ਵਲੰਟੀਅਰਾਂ ਨੂੰ ਸੰਬੋਧਨ ਕੀਤਾ ਅਤੇ ਨੌਜਵਾਨਾਂ ਨੂੰ ਸ਼ਕਤੀਕਰਨ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਉੱਦਮੀ ਹੁਨਰਾਂ ਬਾਰੇ ਵੀ ਜਾਗਰੂਕ ਕੀਤਾ। ਐਨ.ਐਸ.ਐਸ ਪ੍ਰੋਗਰਾਮ ਅਫਸਰ, ਸ੍ਰੀਮਤੀ. ਨਿਧੀ ਜੱਸਲ ਨੇ ਵਲੰਟੀਅਰਾਂ ਨੂੰ ਚਾਨਣਾ ਪਾਇਆ ਕਿ ਐਨਐਸਐਸ ਸਿਰਫ਼ ਇੱਕ ਪ੍ਰੋਗਰਾਮ ਨਹੀਂ ਹੈ, ਸਗੋਂ ਇਹ ਇੱਕ ਮਿਸ਼ਨ ਹੈ ਜੋ ਨੌਜਵਾਨਾਂ ਨੂੰ ਸਮਾਜ ਸੇਵਾ ਬਾਰੇ ਜਾਗਰੂਕ ਕਰਨਾ ਹੈ। ਕੈਂਪ ਦੇ ਪਹਿਲੇ ਦਿਨ ਵੱਖ-ਵੱਖ ਕਮੇਟੀਆਂ ਦਾ ਗਠਨ ਵੀ ਕੀਤਾ ਗਿਆ।

ਸ਼ਾਮ ਨੂੰ,ਐਨਐਸਐਸ ਨੈਸ਼ਨਲ ਅਵਾਰਡੀ, ਡਾ.ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ ਵੱਲੋਂ ਵਲੰਟੀਅਰਾਂ ਲਈ ਕਰਵਾਈ ਗਈ। ਡਾ. ਤਰਸੇਮ ਨੇ ਵਲੰਟੀਅਰਾਂ ਨੂੰ ਲੋੜਵੰਦਾਂ ਦੀ ਮਦਦ ਕਰਨ ਪ੍ਰਤੀ ਮਾਣ ਅਤੇ ਜ਼ਿੰਮੇਵਾਰੀ ਦੀ ਭਾਵਨਾ ਨਾਲ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਐਨਐਸਐਸ ਵਾਲੰਟੀਅਰਾਂ ਨੇ ਕਾਲਜ ਕੈਂਪਸ ਦੇ ਲਾਅਨ ਦੀ ਸਫਾਈ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ: ਸਵਿੰਦਰ ਪਾਲ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਐਨ.ਐਸ.ਐਸ ਪ੍ਰੋਗਰਾਮ ਅਫਸਰਾਂ, ਸ਼੍ਰੀਮਤੀ ਦੁਆਰਾ ਕੀਤੇ ਗਏ ਸਾਂਝੇ ਯਤਨਾਂ ਦੀ ਸ਼ਲਾਘਾ ਕੀਤੀ। ਨਿਧੀ ਜੱਸਲ ਅਤੇ ਡਾ. ਲਲਿਤ ਕੁਮਾਰ

ਰੋਜ਼ਾਨਾ ਲੋਕ ਬਾਣੀ www.lokbani

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# 1971 ਦੇ ਜੰਗ ਦੇ ਹੀਰੋ ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਨੂੰ ਸ਼ਹੀਦੀ ਦਿਵਸ ਤੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ




ਲੁਧਿਆਣਾ, (ਸੁਖਚੈਨ ਮਹਿਰਾ) ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ਼ਨੀਵਾਰ ਨੂੰ ਪਰਮ ਵੀਰ ਚੱਕਰ ਪ੍ਰਾਪਤ ਸ਼ਹੀਦ ਫਲਾਇੰਗ ਅਫ਼ਸਰ ਨਿਰਮਲਜੀਤ ਸਿੰਘ ਸੇਖੋਂ ਨੂੰ ਉਨ੍ਹਾਂ ਦੇ ਸ਼ਹੀਦੀ ਦਿਵਸ ਤੇ ਸ਼ਰਧਾਂਜਲੀਆਂ ਭੇਟ ਕਰਨ ਲਈ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ।

ਦਾਖਾ ਦੇ ਪਿੰਡ ਈਸੇਵਾਲ ਦੇ ਵਸਨੀਕ ਸ਼ਹੀਦ ਨਿਰਮਲਜੀਤ ਸਿੰਘ ਸੇਖੋਂ ਨੇ 1971 ਦੀ ਭਾਰਤ-ਪਾਕਿ ਜੰਗ ਦੌਰਾਨ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ।

ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਅਤੇ ਹਵਾਈ ਸੈਨਾ ਦੇ ਸੀਨੀਅਰ ਅਧਿਕਾਰੀਆਂ ਨੇ ਸ਼ਹੀਦ ਨੂੰ ਗਾਰਡ ਆਫ਼ ਆਨਰ ਪੇਸ਼ ਕੀਤਾ। ਸਮਾਰੋਹ ਦੌਰਾਨ ਦੋ ਮਿੰਟ ਦਾ ਮੌਨ ਵੀ ਰੱਖਿਆ ਗਿਆ।

17 ਜੁਲਾਈ, 1943 ਨੂੰ ਜਨਮੇ ਸ਼ਹੀਦ ਨਿਰਮਲਜੀਤ ਸਿੰਘ ਸੇਖੋਂ ਨੂੰ 4 ਜੁਲਾਈ, 1967 ਨੂੰ ਭਾਰਤੀ ਹਵਾਈ ਸੈਨਾ ਵਿੱਚ ਕਮਿਸ਼ਨ ਮਿਲਿਆ ਸੀ। 1971 ਦੀ ਭਾਰਤ-ਪਾਕਿ ਜੰਗ ਦੌਰਾਨ, 14 ਦਸੰਬਰ, 1971 ਨੂੰ ਸ੍ਰੀਨਗਰ ਏਅਰ ਫੀਲਡ ਤੇ ਛੇ ਪਾਕਿਸਤਾਨੀ ਜਹਾਜ਼ਾਂ ਨੇ ਹਮਲਾ ਕੀਤਾ ਸੀ।

ਫਲਾਇੰਗ ਅਫਸਰ ਨਿਰਮਲਜੀਤ ਸਿੰਘ ਸੇਖੋਂ ਨੇ ਹਮਲੇ ਦੇ ਬਾਵਜੂਦ ਬੇਮਿਸਾਲ ਉਡਾਣ ਹੁਨਰ ਦਾ ਪ੍ਰਦਰਸ਼ਨ ਕੀਤਾ ਅਤੇ ਦੁਸ਼ਮਣ ਦੇ ਹਮਲੇ ਦਾ ਮੁਕਾਬਲਾ ਕਰਨ ਲਈ ਉਡਾਣ ਭਰੀ। ਇਸ ਅਫਸਰ ਨੇ ਪਾਕਿਸਤਾਨੀ ਹਮਲੇ ਨੂੰ ਨਾਕਾਮ ਕਰਨ ਲਈ ਅਤਿਅੰਤ ਹਿੰਮਤ, ਬਹਾਦਰੀ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ ਅਤੇ ਦੁਸ਼ਮਣ ਦੇ ਦੋ ਜਹਾਜ਼ਾਂ ਨੂੰ ਤਬਾਹ ਕਰ ਦਿੱਤਾ ਜਿਸ ਨਾਲ ਦੁਸ਼ਮਣ ਨੂੰ ਵਾਪਸ ਪਰਤਣਾ ਪਿਆ ਸੀ।

ਭਾਰੀ ਗਿਣਤੀ ਤੋਂ ਘੱਟ ਹੋਣ ਕਰਕੇ ਫਲਾਇੰਗ ਅਫਸਰ ਨਿਰਮਲਜੀਤ ਸਿੰਘ ਸੇਖੋਂ ਨੇ ਅੰਤ ਵਿੱਚ ਦੁਸ਼ਮਣ ਨਾਲ ਲੜਦੇ ਹੋਏ ਦੇਸ਼ ਦੀ ਸੇਵਾ ਵਿੱਚ ਸਰਵਉੱਚ ਕੁਰਬਾਨੀ ਦੇ ਦਿੱਤੀ।

# ਚੋਰੀ ਸ਼ੁਦਾ ਗਹਿਣੇ ਸੋਨਾ, 700 ਡਾਲਰ ਸਮੇਤ 1 ਵਿਅਕਤੀ ਕਾਬੂ



ਫਗਵਾੜਾ (ਸੁਸ਼ੀਲ ਸ਼ਰਮਾ) ਗੌਰਵ ਤੂਰਾ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਵਲੋਂ ਮਾੜੇ ਅਨਸਰਾ ਨੂੰ ਗ੍ਰਿਫਤਾਰ ਕਰਨ ਲਈ ਚਲਾਈ ਮੁਹਿੰਮ ਤਹਿਤ, ਸ੍ਰੀਮਤੀ ਰੁਪਿੰਦਰ ਕੌਰ ਭੱਟੀ ਪੁਲਿਸ ਕਪਤਾਨ ਸਬ-ਡਵੀਜਨ ਫਗਵਾੜਾ ਅਤੇ ਭਰਤ ਭੂਸ਼ਣ ਉਪ-ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਜੀ ਦੇ ਦਿਸ਼ਾ ਨਿਰਦੇਸ਼ਾ ਤੇ ਇੰਸਪੈਕਟਰ/ SHO ਬਲਵਿੰਦਰ ਸਿੰਘ ਭੁੱਲਰ ਮੁੱਖ ਅਫਸਰ ਥਾਣਾ ਸਦਰ ਫਗਵਾੜਾ ਵਲੋਂ ਮੁੱਕਦਮਾ ਨੰਬਰ 124 ਮਿਤੀ 13.12. 24 ਅ/ਧ 331(4), 305 ਬੀ ਐਨ ਐਸ ਥਾਣਾ ਸਦਰ ਫਗਵਾੜਾ ਵਿੱਚ ਦੋਸ਼ੀ ਲਖਵੀਰ ਉਰਫ ਲੱਖਾ ਪੁੱਤਰ ਦਰਸ਼ਨ ਵਾਸੀ ਪਲਾਹੀ ਥਾਣਾ ਸਦਰ ਫਗਵਾੜਾ ਨੂੰ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ,ਜਿਸ ਨੇ ਮੁਦਈ ਮੁੱਕਦਮਾ ਪਿਆਰਾ ਸਿੰਘ ਵਾਸੀ ਪਲਾਹੀ ਦੇ ਘਰੋਂ ਮਿਤੀ 12-12-24 ਰਾਤ ਚੋਰੀ ਕੀਤੇ ਕੀਤੇ ਸੋਨੇ ਦੇ ਗਹਿਣੇ ਤੇ ਡਾਲਰ ਆਪਣੇ ਘਰੋਂ ਰਜੋਈ ਵਿੱਚੋਂ ਬ੍ਰਾਮਦ ਕਰਾਏ ਮਜੀਦ ਪੁੱਛਗਿੱਛ ਕੀਤੀ ਜਾ ਰਹੀ ਹੈ ਹੋਰ ਖੁਲਾਸੇ ਹੋਣ ਦੀ ਉਮੀਦ ਹੈ।

# ਮੈਡੀਕਲ ਦੇ ਨਾਲ-ਨਾਲ ਕਾਨਪੁਰ ਵਿੱਚ ਏਸੀਪੀ ਦੁਆਰਾ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਆਈਆਈਟੀ ਵਿਦਿਆਰਥੀ ਦਾ ਮੈਜਿਸਟ੍ਰੇਟ ਬਿਆਨ ਵੀ ਦਰਜ ਕੀਤਾ ਗਿਆ ਹੈ



ਕਾਨਪੁਰ (ਸੁਨੀਲ ਬਾਜਪਾਈ) ਯੌਨ ਸ਼ੋਸ਼ਣ ਦੇ ਮਾਮਲੇ ਚ ਇੱਥੋਂ ਦੇ ਮਸ਼ਹੂਰ ਆਈ.ਆਈ.ਟੀ.

ਪੁਲਿਸ ਵੱਲੋਂ ਕਾਰਵਾਈ ਜਾਰੀ ਹੈ, ਜਿਸ ਤਹਿਤ ਸ਼ਨੀਵਾਰ ਨੂੰ ਪੀੜਤ ਵਿਦਿਆਰਥੀ ਦਾ ਮੈਡੀਕਲ ਵੀ ਕਰਵਾਇਆ ਗਿਆ। ਦੂਜੇ ਪਾਸੇ ਇਹ ਵੀ ਪਤਾ ਲੱਗਾ ਹੈ ਕਿ ਮੁਲਜ਼ਮ ਪੁਲੀਸ ਅਧਿਕਾਰੀ ਨੇ ਗ੍ਰਿਫ਼ਤਾਰੀ ਦੇ ਡਰੋਂ ਆਪਣਾ ਮੈਡੀਕਲ ਕਰਵਾਇਆ ਹੈ।

ਇਸ ਮਾਮਲੇ ਵਿੱਚ ਐਸਆਈਟੀ ਅਤੇ ਫੋਰੈਂਸਿਕ ਟੀਮ ਕੱਲ੍ਹ ਸ਼ੁੱਕਰਵਾਰ ਨੂੰ ਆਈਆਈਟੀ ਹੋਸਟਲ ਪਹੁੰਚੀ ਅਤੇ ਕਰਮਚਾਰੀਆਂ ਅਤੇ ਵਿਦਿਆਰਥੀ ਨਾਲ ਗੱਲਬਾਤ ਕੀਤੀ। ਟੀਮ ਇੱਥੇ ਚਾਰ-ਪੰਜ ਘੰਟੇ ਰੁਕੀ। ਇਸ ਦੌਰਾਨ ਵਿਦਿਆਰਥੀ ਨੇ ਸੋਸ਼ਲ ਮੀਡੀਆ ਤੇ ਮੁਲਜ਼ਮਾਂ ਨਾਲ ਕਾਲ ਰਿਕਾਰਡਿੰਗ, ਫੋਟੋਆਂ, ਵੀਡੀਓ ਅਤੇ ਚੈਟਿੰਗ ਵਰਗੇ ਸਬੂਤ ਐਸਆਈਟੀ ਨੂੰ ਸੌਂਪੇ।ਇਸ ਮਾਮਲੇ ਦੀ ਜਾਂਚ ਕਰ ਰਹੀ ਟੀਮ ਨੂੰ ਏਸੀਪੀ ਮੋਹਸਿਨ ਖਾਨ ਵੱਲੋਂ ਮਿਲੇ ਆਈਡੀ ਕਾਰਡ ਵਿੱਚ ਐਮਰਜੈਂਸੀ ਨੰਬਰ ਸਲਾਟ ਵਿੱਚ ਲਿਖਿਆ ਵਿਦਿਆਰਥੀ ਦਾ ਮੋਬਾਈਲ ਨੰਬਰ ਮਿਲਿਆ ਹੈ।

ਪੁਲਿਸ ਟੀਮ ਨੇ ਸੀਸੀਟੀਵੀ ਫੁਟੇਜ ਇਕੱਠੀ ਕੀਤੀ। ਇਸ ਦੇ ਨਾਲ ਹੀ ਵਿਦਿਆਰਥਣ ਦਾ ਮੈਡੀਕਲ ਕਰਵਾ ਕੇ ਉਸ ਦੇ ਬਿਆਨ ਦਰਜ ਕਰ ਲਏ ਗਏ ਹਨ। ਜਦੋਂਕਿ ਅੱਜ ਸ਼ਨੀਵਾਰ ਨੂੰ ਉਸ ਨੂੰ ਮੈਜਿਸਟ੍ਰੇਟ ਬਿਆਨ ਲਈ ਲਿਆ ਗਿਆ।

ਇਸ ਪੂਰੇ ਘਟਨਾਕ੍ਰਮ ਦੇ ਹਰ ਨੁਕਤੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਜਿਸ ਲਈ ♥9" ਨੇ 99" ਕੈਂਪਸ ਤੋਂ ਆਪਣੀ ਜਾਂਚ ਸ਼ੁਰੂ ਕਰ ਦਿੱਤੀ ਹੈ।ਸੂਤਰਾਂ ਅਨੁਸਾਰ ਹੁਣ ਤੱਕ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਮੋਹਸੀਨ ਨੇ ਪੀੜਤਾ ਨਾਲ ਗੱਲ ਕਰਨ ਲਈ ਵੱਖਰਾ ਨੰਬਰ ਲਿਆ ਸੀ, ਜਿਸ ਬਾਰੇ ਕਿਸੇ ਹੋਰ ਨੂੰ ਪਤਾ ਨਹੀਂ ਸੀ। ਇਸ ਦੌਰਾਨ ਪੀੜਤ ਵਿਦਿਆਰਥੀ ਨੇ ਮੁਲਜ਼ਮ ਏਸੀਪੀ 'ਤੇ ਉਸ ਖ਼ਿਲਾਫ਼ ਦਰਜ ਐਫਆਈਆਰ ਵਿੱਚ ਹੇਰਾਫੇਰੀ ਕਰਨ ਦਾ ਦੋਸ਼ ਵੀ ਲਾਇਆ ਹੈ। ਫਿਲਹਾਲ ਦੋਸ਼ੀ ਏਸੀਪੀ ਮੋਹਸਿਨ ਖਾਨ ਖਿਲਾਫ ਹੁਣ ਤੱਕ ਦੇ ਸਾਰੇ ਤੱਥ ਸਾਹਮਣੇ ਆ ਚੁੱਕੇ ਹਨ। ਉਸ ਅਨੁਸਾਰ ਉਸ ਦਾ ਜੇਲ੍ਹ ਜਾਣਾ ਅੰਦਰੋਂ-ਅੰਦਰੀ ਮੰਨਿਆ ਜਾਂਦਾ ਹੈ।

# ਅੰਮ੍ਰਿਤਸਰ ਚ ਏਕ ਭਾਰਤ, ਹਮ ਭਾਰਤ ਪਦਯਾਤਰਾ ਐਤਵਾਰ ਨੂੰ

ਅੰਮ੍ਰਿਤਸਰ: (ਲੋਕ ਬਾਣੀ) ਮੈਤਰੀਬੋਧ ਪਰਿਵਾਰ ਵੱਲੋਂ ਐਤਵਾਰ ਨੂੰ ਅੰਮ੍ਰਿਤਸਰ ਦੇ ਫਨਲੈਂਡ ਕੰਪਨੀ ਬਾਗ ਵਿਖੇ ਕੀਤੇ ਜਾ ਰਹੇ 'ਏਕ ਭਾਰਤ, ਹਮ ਭਾਰਤ' ਮਾਰਚ ਵਿੱਚ 1500 ਤੋਂ ਵੱਧ ਲੋਕ ਹਿੱਸਾ ਲੈਣਗੇ।

ਪਦਯਾਤਰਾ ਵਿਚ ਹਿੱਸਾ ਲੈਣ ਵਾਲੇ ਲੋਕ ਪਿਆਰ ਅਤੇ ਸ਼ਾਂਤੀ ਦੇ ਵਿਸ਼ਵਵਿਆਪੀ ਸੰਦੇਸ਼ ਨੂੰ ਫੈਲਾਉਣ ਲਈ ਇਕਜੁੱਟ ਹੋਣਗੇ।

ਇਹ ਇਤਿਹਾਸਕ ਘਟਨਾ ਸਿਰਫ਼ ਇੱਕ ਯਾਤਰਾ ਨਹੀਂ ਹੈ, ਸਗੋਂ ਮਨੁੱਖਤਾ ਦੇ ਸਮੂਹਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਸਾਂਝੀ ਸੱਭਿਆਚਾਰਕ ਵਿਰਾਸਤ ਦੀ ਮਹੱਤਤਾ ਤੇ ਜ਼ੋਰ ਦਿੰਦੇ ਹੋਏ ਰਾਸ਼ਟਰ ਦੀ ਆਤਮਾ ਨੂੰ ਮੁੜ ਸੁਰਜੀਤ ਕਰਨ ਦਾ ਇੱਕ ਮਿਸ਼ਨ ਹੈ। ਵਿਸ਼ਵ ਨੂੰ ਇੱਕ ਪਰਿਵਾਰ ਦੇ ਰੂਪ ਵਿੱਚ ਜੋੜਨ ਦੇ ਦ੍ਰਿਸ਼ਟੀਕੋਣ ਨਾਲ, ਪਦਯਾਤਰਾ ਦਾ ਉਦੇਸ਼ ਭਾਰਤ ਦੀ ਸੱਭਿਆਚਾਰਕ ਵਿਰਾਸਤ ਵਿੱਚ ਡੂੰਘੀਆਂ ਜੜ੍ਹਾਂ ਵਾਲੇ ਪਿਆਰ, ਏਕਤਾ ਅਤੇ ਸ਼ਾਂਤੀ ਦੇ ਮੁੱਲਾਂ ਨੂੰ ਮੁੜ ਸਥਾਪਿਤ ਕਰਨਾ ਹੈ।

2013 ਵਿੱਚ ਆਪਣੀ ਸ਼ੁਰੂਆਤ ਤੋਂ ਲੈ ਕੇ, ਮੈਤਰੀਬੋਧ ਪਰਿਵਾਰ ਅਧਿਆਤਮਿਕ ਪ੍ਰੋਗਰਾਮਾਂ ਅਤੇ ਸਮਾਜਿਕ ਸੁਧਾਰ ਪ੍ਰੋਜੈਕਟਾਂ ਦੀ ਪੇਸ਼ਕਸ਼ ਕਰਨ, ਜੀਵਨ ਨੂੰ ਬਦਲਣ ਅਤੇ ਪਿਆਰ ਅਤੇ ਦੋਸਤੀ ਦੀ ਭਾਵਨਾ ਦਾ ਪਾਲਣ ਪੋਸ਼ਣ ਕਰਨ ਵਿੱਚ ਸਭ ਤੋਂ ਅੱਗੇ ਰਿਹਾ ਹੈ।

ਇੱਕ ਭਾਰਤ, ਹਮ ਭਾਰਤ ਪਦਯਾਤਰਾ ਰੁਕਾਵਟਾਂ ਨੂੰ ਦੂਰ ਕਰਨ ਅਤੇ ਇੱਕ ਸਦਭਾਵਨਾ ਅਤੇ ਸਮਾਵੇਸ਼ੀ ਸਮਾਜ ਦੀ ਸਿਰਜਣਾ ਕਰਨ ਲਈ ਸੰਗਠਨ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦੀ ਹੈ।

## ਜਨਮਦਿਨ ਮੁਬਾਰਕ

****************

ਜੁਗ ਜੁਗ ਜੀਵੇ ਜੁਗਾਦਿ ਸਿੰਘਾਂ ਤੂੰ,
ਹੋਵੇ ਉਮਰ ਲੰਮੇਰੀ ਤੇਰੀ।

ਚਮਕੇ ਇੰਝ ਜਿਵੇਂ ਸੂਰਜ ਚਮਕੇ
ਇਹ ਅਰਦਾਸ ਏ ਮੇਰੀ।


ਰਹੇ ਬਣ ਕੇ ਸਭ ਦੀ ਅੱਖ ਦਾ ਤਾਰਾ ਪੁੱਤਰਾਂ
ਤੈਨੂੰ ਰਹੇ ਸੁੱਖਾਂ ਦੀ ਦਾਤ ਘਨੇਰੀ

ਸਿੱਖੀ ਸਿਦਕ ਵਿੱਚ ਪਰਿਪੱਕ ਬਣੀ ਤੂੰ,
ਰੱਖੀਂ ਧਰਮ ਨਾਲ ਸਾਂਝ ਪਕੇਰੀ।

ਹੋਵੇ ਮੁਬਾਰਕ ਜਨਮਦਿਨ ਪੁੱਤਰਾਂ,
ਰਹੇ ਭਰੀ ਖੁਸ਼ੀਆਂ ਨਾਲ ਝੋਲੀ ਤੇਰੀ।

ਆਗਿਆਕਾਰੀ ਰਹੇ ਪੁਤ ਮਾਂ ਬਾਪ ਦਾ
ਰੱਖੀਂ ਸਿੰਘਾਂ ਜਿਹੀ ਦਲੇਰੀ।

ਜੁਗ ਜੁਗ ਜੀਵੇ ਜੁਗਾਦਿ ਸਿੰਘਾਂ ਤੂੰ
ਹੋਵੇ ਉਮਰ ਲੰਮੇਰੀ ਤੇਰੀ।



ਪ੍ਰੀਤ ਕੌਰ ਪ੍ਰੀਤੀ
ਫਗਵਾੜਾ

ਫਗਵਾੜਾ- ( ਸੁਸ਼ੀਲ ਸ਼ਰਮਾ )

# ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਲਈ 18 ਫ਼ੀਸਦੀ ਅਤੇ ਗੁਰੂ ਪੰਥ ਦੇ ਮੁਲਜ਼ਮਾਂ ਨੂੰ ਸਿਰਫ਼ 4 ਫ਼ੀਸਦੀ ਵਿਆਜ ? - ਪ੍ਰੋ. ਸਰਚਾਂਦ ਸਿੰਘ।

ਅੰਮ੍ਰਿਤਸਰ (ਲੋਕ ਬਾਣੀ) ਸਿੱਖ ਚਿੰਤਕ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਦੇ ਸਾਬਕਾ ਕਾਰਜਕਾਰੀ ਪ੍ਰਧਾਨ ਪ੍ਰੋ. ਸਰਚਾਂਦ ਸਿੰਘ ਖਿਆਲਾ ਜੋ ਕਿ ਪੰਜਾਬ ਭਾਜਪਾ ਦੇ ਬੁਲਾਰੇ ਵੀ ਹਨ, ਨੇ ਸੌਦਾ ਸਾਧ ਦੀ ਮੁਆਫ਼ੀ ਨੂੰ ਸਹੀ ਠਹਿਰਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਅਖ਼ਬਾਰਾਂ ਵਿਚ ਦਿੱਤੇ ਗਏ ਇਸ਼ਤਿਹਾਰਾਂ ਲਈ ਸੁਖਬੀਰ ਸਿੰਘ ਬਾਦਲ ਵੱਲੋਂ ਜਮਾ ਕਰਾਈ ਗਈ ਰਕਮ 'ਤੇ ਸਵਾਲ ਖੜੇ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਨਿੱਜੀ ਦਿਲਚਸਪੀ ਲੈਂਦਿਆਂ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਾਉਣ ਦੀ ਅਪੀਲ ਕੀਤੀ ਹੈ।



ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਕਿਹਾ ਕਿ ਅਕਾਲੀ ਦਲ ਨੇ ਆਪਣੇ ਨਿੱਜੀ ਹਿੱਤਾਂ ਲਈ ਇੱਕ ਵਾਰ ਫਿਰ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਨਾਲ ਛੇੜਛਾੜ ਤਾਂ ਨਹੀਂ ਕੀਤੀ ਹੈ ? ਡਿਊਟੀ ਦੌਰਾਨ ਕੋਈ ਕੁਤਾਹੀ ਜਾਂ ਗ਼ਲਤੀ ਹੋਣ ਦੀ ਸੂਰਤ 'ਚ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਮੁਲਾਜ਼ਮਾਂ ਤੋਂ ਤਾਂ 18 ਫ਼ੀਸਦੀ ਮਿਸ਼ਰਤ ਵਿਆਜ ਸਮੇਤ ਫੰਡਾਂ ਦੀ ਭਰਪਾਈ ਕਰਾਈ ਜਾਂਦੀ ਹੈ, ਪਰ ਸ੍ਰੀ ਗੁਰੂ ਰਾਮਦਾਸ ਜੀ ਦੇ ਖ਼ਜ਼ਾਨੇ ਦੀ ਦੁਰਵਰਤੋਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਫ਼ਰਦ ਜ਼ੁਲਮ ਸਾਬਤ ਹੋ ਚੁੱਕੇ ਗੁਰੂ ਪੰਥ ਦੇ ਮੁਲਜ਼ਮਾਂ ਤੋਂ ਕਿਸ ਨਿਯਮ ਅਤੇ ਕਿਸ ਦੇ ਕਹਿਣ 'ਤੇ ਕੇਵਲ ਬੱਚਤ ਖਾਤੇ ਵਾਲੇ 4 ਫ਼ੀਸਦੀ ਮਾਮੂਲੀ ਵਿਆਜ ਨਾਲ ਰਕਮ ਦੀ ਅਦਾਇਗੀ ਕਰਾਈ ਗਈ ਹੈ ?

ਰੋਜ਼ਾਨਾ ਲੋਕ ਬਾਣੀ
www.lokbani

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਸੈਕਸ਼ਨ 85 ਦੇ ਗੁਰਦੁਆਰਾ ਇੰਸਪੈਕਟਰਾਂ ਤੋਂ ਇਲਾਵਾ ਫਲਾਇੰਗ ਵਿਭਾਗ ਵੱਲੋਂ ਕੀਤੀਆਂ ਜਾਂਦੀਆਂ ਪੜਤਾਲਾਂ ਵਿਚ ਕੋਈ ਵੀ ਮੁਲਾਜ਼ਮ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਤੋਂ ਆਮ ਤੌਰ 'ਤੇ 18 ਫ਼ੀਸਦੀ ਤਕ ਦੇ ਮਿਸ਼ਰਤ ਵਿਆਜ ਨਾਲ ਮਾਇਆ ਦੀ ਭਰਪਾਈ ਕਰਾਈ ਜਾਂਦੀ ਹੈ। ਪਰ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਮਾਮਲੇ 'ਚ ਉਨ੍ਹਾਂ ਵੱਲੋਂ ਗੁਰੂ ਕੇ ਖ਼ਜ਼ਾਨੇ ਦੀ ਅਯੋਗ ਇਸਤੇਮਾਲ ਕੀਤੇ ਜਾਣ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਸੰਗਤ ਵਿਚ ਜ਼ੁਲਮ ਕਬੂਲ ਕਰਨ 'ਤੇ ਪੰਜ ਸਿੰਘ ਸਾਹਿਬਾਨ ਵੱਲੋਂ ਇਸ਼ਤਿਹਾਰਾਂ ਦੀ ਬਣਦੀ ਰਕਮ ਵਿਆਜ ਸਮੇਤ ਸ੍ਰੀ ਦਰਬਾਰ ਸਾਹਿਬ ਦੇ ਖਾਤੇ ਜਮਾ ਕਰਾਉਣ ਦਾ ਆਦੇਸ਼ ਕੀਤਾ ਸੀ।

ਉਨ੍ਹਾਂ ਬੱਚਤ ਖਾਤੇ ਵਾਲਾ ਵਿਆਜ ਲਗਾਉਣ'ਤੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਰਕਮ ਬੈਂਕ 'ਚ ਜਮਾ ਨਹੀਂ ਕੀਤਾ ਗਿਆ, ਇਹ ਫ਼ਾਲਤੂ ਰਕਮ ਨਹੀਂ ਸੀ ਜਿਸ ਨੂੰ ਬੈਕ ਵਿਚ ਜਮਾ ਕੀਤਾ ਗਿਆ ਹੋਵੇ, ਸਗੋਂ ਇਸ਼ਤਿਹਾਰਾਂ 'ਤੇ ਖ਼ਰਚ ਕੀਤਾ ਗਿਆ ਸੀ। ਇਸ ਲਈ ਰਕਮ ਨੂੰ ਸੇਵਿੰਗ ਖਾਤੇ 'ਚ ਨਹੀਂ ਮੰਨਿਆ ਤੇ ਵਿਚਾਰਿਆ ਜਾ ਸਕਦਾ। ਲੰਮਾ ਸਮਾਂ ਰਕਮ ਦੀ ਵਰਤੋਂ ਹੋਣ ਤੇ ਬੈਂਕ ਵਿਆਜ ਦਰਾਂ ਨੂੰ ਵੀ ਬਦਲਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਗੁਰੂ ਦੇ ਖ਼ਜ਼ਾਨੇ ਵਿੱਚੋਂ 9 ਸਾਲ ਹੀ ਨਹੀਂ ਸਗੋਂ 9 ਸਾਲ 2 ਮਹੀਨਿਆਂ ਤੋਂ ਪੈਸੇ ਦੀ ਵਰਤੋਂ ਕੀਤੀ ਗਈ ਹੈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਇਕ ਲੰਮੇ ਸਮੇਂ ਤਕ ਪੈਸਾ ਬੈਂਕ ਵਿਚ ਪਿਆ ਹੋਣ'ਤੇ ਐਫ ਡੀ ਦਾ ਵਿਆਜ 7 ਫ਼ੀਸਦੀ ਤੋਂ ਵੱਧ ਮਿਲਦਾ ਹੈ। ਉਨ੍ਹਾਂ ਕਿਹਾ ਕਿ ਇਸ ਹਿਸਾਬ ਨਾਲ ਇਸ਼ਤਿਹਾਰਾਂ ਦੀ ਰਕਮ ਦਾ 7 ਫ਼ੀਸਦੀ ਐਫ ਡੀ ਵਿਆਜ ਸਮੇਤ 1 ਕਰੋੜ 51 ਲੱਖ ਤੋਂ ਉਪਰ ਅਤੇ ਸ਼੍ਰੋਮਣੀ ਕਮੇਟੀ ਦੇ ਆਪਣੇ ਮੁਲਾਜ਼ਮਾਂ ਨੂੰ ਕਿਸੇ ਵੀ ਭਰਪਾਈ ਲਈ ਲਗਾਏ ਜਾਂਦੇ 18 ਫ਼ੀਸਦੀ ਸਾਲਾਨਾ ਮਿਸ਼ਰਤ ਵਿਆਜ ਅਨੁਸਾਰ ਵਿਆਜ ਕਰੀਬ 2 ਕਰੋੜ 90 ਲੱਖ ਅਤੇ ਕੁਲ ਰਕਮ 3 ਕਰੋੜ 71 ਲੱਖ ਤੋਂ ਵੱਧ ਬਣਦੀ ਹੈ। ਇਹ ਵੀ ਕਿਹਾ ਕਿ ਕਮੇਟੀ ਦੇ ਚੀਫ਼ ਅਕਾਊਂਟੈਂਟ ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਹੋ ਚੁੱਕੇ ਸਾਬਕਾ ਅਕਾਲੀ ਆਗੂ ਦਾ ਭਰਾ ਹੈ, ਬਾਬੇ ਨਾਨਕ ਦੇ ਖ਼ਜ਼ਾਨੇ ਨਾਲ ਆਪਣੀ ਮਨ ਮਰਜ਼ੀ ਕਰਕੇ ਅਮਾਨਤ 'ਚ ਖ਼ਿਆਨਤ ਨਹੀਂ ਕਰ ਰਿਹਾ ਹੈ ?

# ਪਟਿਆਲਾ ਹੈਂਡੀਕਰਾਫਟ ਵਲੋਂ ਸਿਡਬੀ ਅਤੇ ਰੋਟਰੀ ਕਲੱਬ ਰੌਇਲ ਦੇ ਸਹਿਯੋਗ ਨਾਲ ਸਿਲਾਈ ਮਸ਼ੀਨਾਂ ਅਤੇ ਸਰਟੀਫਿਕੇਟ ਵਿਤਰਣ ਸਮਾਰੋਹ ਆਯੋਜਿਤ

ਪਟਿਆਲਾ (ਲੋਕ ਬਾਣੀ)
ਪਟਿਆਲਾ ਹੈਂਡੀਕਰਾਫਟ ਡਬਲਿਊ. ਸੀ.ਆਈ. ਐਸ ਲਿਮਟਿਡ ਪਟਿਆਲਾ ਵਲੋਂ ਸਮਾਲ ਇਡੰਸਟਰੀ ਡਿਵੈਲਪਮੈਂਟ ਬੈਂਕ ਚੰਡੀਗੜ੍ਹ ਅਤੇ ਰੋਟਰੀ ਕਲੱਬ ਪਟਿਆਲਾ ਰੌਇਲ ਦੇ ਸਹਿਯੋਗ ਨਾਲ

ਸਿਲਾਈ ਮਸ਼ੀਨਾਂ ਅਤੇ ਸਰਟੀਫਿਕੇਟ ਵੰਡ ਸਮਾਰੋਹ ਦਾਸ ਧਰਮਸਾਲਾ ਰਾਏਪੁਰ ਮੰਡਲਾਂ ਬਲਾਕ ਘਨੌਰ, ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ।

ਇਸ ਮੌਕੇ ਸਫਲਤਾਪੂਰਵਕ ਸਿਖਲਾਈ ਪੂਰੀ ਕਰਨ ਉਪਰੰਤ 30 ਮਹਿਲਾਵਾਂ ਨੂੰ ਇੰਡਸਟਰੀਅਲ ਡਿਵੈਲਪਮੈਂਟ ਬੈਂਕ ਚੰਡੀਗੜ੍ਹ ਵਲੋਂ ਸਪਾਂਸਰ ਕੀਤੀਆਂ ਸਿਲਾਈ ਮਸ਼ੀਨਾਂ ਦੀ ਵੰਡ ਕੀਤੀ।

ਸਮਾਗਮ ਦੇ ਮੁੱਖ ਮਹਿਮਾਨ ਟੀ.ਐਚ. ਆਰ ਸੌਂਦ, ਡਿਪਟੀ ਜਨਰਲ ਮੈਨੇਜਰ, ਸਿਡਬੀ, ਚੰਡੀਗੜ੍ਹ ਸਨ। ਭੁਪੇਸ਼ ਮਹਿਤਾ ਡਿਸਟ੍ਰਿਕਟ ਗਵਰਨਰ ਇਲੈਕਟ ਰੋਟਰੀ ਇੰਟਰਨੈਸ਼ਨਲ 3090 ਅਤੇ ਸਾਬਕਾ ਪ੍ਰਧਾਨ ਰੋਟੇਰੀਅਨ ਭਗਵਾਨ ਦਾਸ ਗੁਪਤਾ ਡਿਪਟੀ ਡਿਸਟ੍ਰਿਕਟ ਗਵਰਨਰ ਇਲੈਕਟ ਨੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਮੂਲੀਅਤ ਕੀਤੀ।




ਇਸ ਮੌਕੇ ਹੋਰਨਾਂ ਤੋਂ ਇਲਾਵਾ ਰੋਟੇਰੀਅਨ ਦਲਜੀਤ ਕੌਰ ਚੀਮਾ, ਰੋਟੇਰੀਅਨ ਸ਼ੁਕਲਾ ਚੰਦ ਪ੍ਰਧਾਨ ਰੌਟਰੀ ਕਲੱਬ ਪਟਿਆਲਾ ਰੌਇਲ, ਰਾਕੇਸ਼ ਠਾਕੁਰ ਨਿਰਦੇਸ਼ਕ ਰਾਸ਼ਟਰੀ ਜਯੋਤੀ ਕਲਾ ਮੰਚ,ਵਿਲੀਅਮ,ਸਿਖਲਾਈ ਕੇਂਦਰ ਦੇ ਕਰਮਚਾਰੀਆ, ਪਤਵੰਤੇ ਸੱਜਣਾਂ ਅਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।

ਰੋਜ਼ਾਨਾ ਲੋਕ ਬਾਣੀ
www.lokbani

ਮੁੱਖ ਮਹਿਮਾਨ ਨੇ ਕਿਹਾ ਕਿ ਬੈਂਕ ਵਲੋਂ ਇਹ ਪਹਿਲਕਦਮੀ ਔਰਤਾਂ ਦੇ ਸਸ਼ਕਤੀਕਰਨ ਅਤੇ ਟਿਕਾਊ ਆਜੀਵਿਕਾ ਨੂੰ ਉਤਸ਼ਾਹਿਤ ਕਰਨ ਅਤੇ ਸਮੂਹਿਕ ਯਤਨਾਂ ਦੀ ਸ਼ਕਤੀ ਨੂੰ ਉਜਾਗਰ ਕਰਨ ਹਿਤ ਕੀਤੀ ਗਈ ਹੈ।

ਰੋਟੇਰੀਅਨ
ਵਿਸ਼ੇਸ਼ ਮਹਿਮਾਨ ਰੋਟੇਰੀਅਨ ਭੁਪੇਸ਼ ਮਹਿਤਾ ਨੇ ਇਸ ਨੇਕ ਕੰਮ ਲਈ ਰੋਟਰੀ ਕਲੱਬ ਅਤੇ ਰੋਟੇਰੀਅਨ ਰੇਖਾ ਮਾਨ ਪ੍ਰਧਾਨ ਪਟਿਆਲਾ ਹੈਂਡੀਕਰਾਫਟ ਅਤੇ ਡਿਸਟ੍ਰਿਕਟ ਸੈਕਟਰੀ ਇਲੈਕਟ (ਇਵੈਂਟਸ਼) ਰੋਟਰੀ ਕਲੱਬ ਪਟਿਆਲਾ ਰਾਇਲ ਦੀ ਭਰਵੀਂ ਸ਼ਲਾਘਾ ਕੀਤੀ।

ਸਰਪੰਚ ਪਿੰਡ ਰਾਏਪੁਰ ਮੰਡਲਾਂ ਨੇ ਧੰਨਵਾਦੀ ਸ਼ਬਦ ਕਹੇ।

## ਗ਼ਜ਼ਲ

ਨਾ ਕਿਸੇ ਤੋਂ ਜਿਤਦੀ ਨਾ ਹਾਰਦੀ।
ਜ਼ਿੰਦਗੀ ਜਾਂਦੀ ਛਲਾਂਗਾਂ ਮਾਰਦੀ।
ਯੁਧ 'ਚ ਵੱਡੇ-ਵੱਡੇ ਯੋਧੇ ਹਰ ਜਾਂਦੇ,
ਧਾਰ ਖੁੰਡੀ ਹੋਵੇ ਜੇ ਤਲਵਾਰ ਦੀ।
ਗਿਆਨ ਵਾਧੂ ਮਗਰ ਸ਼ਿਸ਼ਟਾਚਾਰ ਨਈਂ,
ਬਦਲ ਗਈ ਹੈ ਸੋਚ ਅਜ ਮੁਟਿਆਰ ਦੀ।
ਇਕ ਛਰਾਟੇ ਨਾਲ ਇਹ ਭੁਰ ਜਾਂਵਣੀ,
ਸਹੁੰ ਨਾ ਚੁੱਕੀਂ ਰੇਤ ਦੀ ਦੀਵਾਰ ਦੀ।
ਪਿਆਰ ਦੀ ਕਿਸ਼ਤੀ ਨਜ਼ਰ ਆਉਂਦੀ ਨਹੀਂ,
ਸੁਕ ਗਈ ਹੈ ਇਕ ਨਦੀ ਸਤਿਕਾਰ ਦੀ।
ਨੇਰੀਆਂ ਨਾਲ ਦੋਸਤੀ ਕੀ ਕਰ ਲਈ,
ਦੁਰਦਸ਼ਾ ਕੀ ਹੋ ਗਈ ਕਚਨਾਰ ਦੀ।
ਚੰਨ ਦੀ ਇਕ ਰਾਤ ਮੇਰੇ ਨਾਲ ਰਹੀ,
ਨਾ ਗਰਮ ਰਖਦੀ ਤੇ ਨਾ ਹੀ ਠਾਰਦੀ।
ਮਿਹਨਤਾਂ ਪਿੱਛੋਂ ਹੀ ਰੰਗਤ ਆ ਰਹੀ,
ਫੁੱਟ ਰਹੀ ਲਾਲੀ ਕਿਵੇਂ ਆਨਾਰ ਦੀ।
ਸ਼ਹਿਰ ਅੰਦਰ ਰੌਸ਼ਨੀ ਹੀ ਰੌਸ਼ਨੀ,
ਜ਼ਿਦ ਜਦੋਂ ਟੁੱਟੀ ਉਹਦੇ ਹੰਕਾਰ ਦੀ।
ਕੌਣ ਕਰਦਾ ਯਾਦ ਜਿਹੜੇ ਤੁਰ ਗਏ,
ਰੀਤ ਚਲਦੀ ਆ ਰਹੀ ਸੰਸਾਰ ਦੀ।
ਬੰਦ ਮੁੱਠੀ ਵਿਚ ਭਲਾ ਦਸ ਕੀ ਏ ?
ਬੁਝ ਲਵੇਂ ਤਾਂ ਸਾਰੀ ਦੁਨੀਆਂ ਪਿਆਰ ਦੀ।
ਕੌਣ ਲੰਘਿਆ ਆਹਟਾਂ ਵਿਚ
ਸਿਸਕੀਆਂ,
ਇੱਕ ਮਾਮੂਲੀ ਝਿਲਕ ਹੈ ਦੀਦਾਰ ਦੀ।
ਕੌਣ ਹੈ ਉਹ ਜਿੱਤ ਦਾ ਪ੍ਰਤੀਕ ਹੈ,
ਰਾਹ ਨੁਮਾਈ ਕਰ ਰਿਹਾ ਤਲਵਾਰ ਦੀ।
ਜੀ ਲਵੇ ਦੂਜੇ ਦੇ ਹਿੱਤਾਂ ਵਾਸਤੇ,
ਹੋਂਦ ਬਣਦੀ ਤਾਂ ਹੀ ਇਕ ਸਰਦਾਰ ਦੀ।
ਬਾਲਮਾ ਬੇਸ਼ਕ ਜੁਦਾ ਉਹ ਹੋ ਗਿਆ, ,
ਹੋਂਦ ਜ਼ਖ਼ਮਾਂ ਵਿਚ ਰਹੀ ਇਕਰਾਰ ਦੀ।

ਰੋਜ਼ਾਨਾ ਲੋਕ ਬਾਣੀ
www.lokbani

ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ ਪੰਜਾਬ
ਮੋ. - 98156-25409

## .ਗ਼ਜ਼ਲ

ਉਸ ਨੇ ਕੀ-ਕੀ ਜੋੜ ਕੇ ਗੱਲਾਂ ਕੀਤੀਆਂ।
ਤਾਰਾ-ਤਾਰਾ ਤੋੜ ਕੇ ਗੱਲਾਂ ਕੀਤੀਆਂ।
ਚੜ੍ਹਦੀ ਗੁੱਡੀ ਲਾਹ ਕੇ ਮਸਲੀ ਪੈਰ੍ਹਾਂ ਵਿਚ,
ਏਦਾਂ ਤੋੜ ਮਰੋੜ ਕੇ ਗੱਲਾਂ ਕੀਤੀਆਂ।
ਬਾਅਦ 'ਚ ਕਿਰਚਾਂ-ਕਿਰਚਾਂ ਸਾਂਭੀ ਫਿਰਦੇ ਸੀ,
ਪਹਿਲਾਂ ਸ਼ੀਸ਼ਾ ਤੋੜ ਕੇ ਗੱਲਾਂ ਕੀਤੀਆਂ।
ਰਿਸ਼ਤੇਦਾਰਾਂ ਏਦਾਂ ਮੌਜ ਮਨਾਈ ਫਿਰ,
ਮੂੰਹ ਨਾਲ ਮੂੰਹ ਨੂੰ ਜੋੜ ਕੇ ਗੱਲਾਂ ਕੀਤੀਆਂ।
ਤੜਕ ਸਵੇਰੇ ਸੂਰਜ ਨੇ ਫਿਰ ਧਰਤੀ ਨਾਲ,
ਅੰਬਰ ਨੂੰ ਨੀਚੋੜ ਕੇ ਗੱਲਾਂ ਕੀਤੀਆਂ।
ਪਹਿਲਾਂ ਲੁੱਟਿਆ ਅਪਣਾ ਆਪਣਾ ਕਹਿ ਕੇ ਫਿਰ,
ਰਾਹਾਂ ਵਿੱਚ ਵਿਛੋੜ ਕੇ ਗੱਲਾਂ ਕੀਤੀਆਂ।
ਬਾਲਮ ਕੋਈ ਕਸਰ ਨਾ ਛੱਡੀ ਸਜਣਾਂ ਨੇ,
ਚੱਠੂ ਵਿੱਚ ਘਚੋੜ ਕੇ ਗੱਲਾਂ ਕੀਤੀਆਂ।

ਰੋਜ਼ਾਨਾ ਲੋਕ ਬਾਣੀ
www.lokbani

ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ ਪੰਜਾਬ
ਮੋ. - 98156-25409

# ਜਸਟਿਸ ਲੀਸਾ ਗਿੱਲ, ਜਸਟਿਸ ਸੇਠੀ ਅਤੇ ਜਸਟਿਸ ਪੁਰੀ ਨੇ ਕੀਤਾ ਸੰਬੋਧਨ

ਅੰਮ੍ਰਿਤਸਰ, (ਲੋਕ ਬਾਣੀ)–ਖ਼ੁਦਮੁਖ਼ਤਿਆਰ ਸੰਸਥਾ ਖ਼ਾਲਸਾ ਕਾਲਜ ਦੇ ਸੁੰਦਰ ਸਿੰਘ ਮਜੀਠੀਆ ਹਾਲ ਵਿਖੇ ਅੱਜ ਬਾਰ ਕੌਂਸਲ ਆਫ਼ ਪੰਜਾਬ ਐਂਡ ਹਰਿਆਣਾ ਚੰਡੀਗੜ੍ਹ ਵੱਲੋਂ ਖਾਲਸਾ ਕਾਲਜ ਆਫ਼ ਲਾਅ ਦੇ ਸਹਿਯੋਗ ਨਾਲ ਕਰਵਾਈ ਗਈ 'ਇੰਟਰਨੈਸ਼ਨਲ ਲਾਅ ਕਾਨਫ਼ਰੰਸ-2024' ਮੌਕੇ ਪੰਜਾਬ ਐਂਡ ਹਰਿਆਣਾ ਹਾਈਕੋਰਟ ਦੇ ਜਸਟਿਸ ਸ੍ਰੀਮਤੀ ਲੀਸਾ ਗਿੱਲ, ਜਸਟਿਸ ਸ: ਹਰਸਿਮਰਨ ਸਿੰਘ ਸੇਠੀ ਅਤੇ ਜਸਟਿਸ ਸ: ਜਸਗੁਰਪ੍ਰੀਤ ਸਿੰਘ ਪੁਰੀ ਨੇ ਸੰਬੋਧਨ ਕਰਦਿਆਂ ਕਾਨੂੰਨੀ ਮਾਹਿਰਾਂ ਨੂੰ ਸਮਾਜ ਦੇ ਹਰੇਕ ਵਰਗ ਨੂੰ ਇਨਸਾਫ਼ ਪ੍ਰਦਾਨ ਕਰਨ ਲਈ ਹਰ ਹੀਲਾ ਵਰਤਣ ਦੀ ਅਪੀਲ ਕੀਤੀ।

ਉਨ੍ਹਾਂ ਨੇ ਸਾਂਝੇ ਤੌਰ 'ਤੇ ਆਪਣੇ ਸੰਬੋਧਨ ਦੌਰਾਨ ਕਾਨੂੰਨੀ ਬੁੱਧੀਜੀਵੀਆਂ ਨੂੰ ਦਰਪੇਸ਼ ਚੁਣੌਤੀਆਂ ਦਾ ਵਰਨਣ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਸਮਾਜ 'ਚ ਨਿਯਮਾਂ ਨੂੰ ਲਾਗੂ ਕਰਨ ਸਬੰਧੀ ਪੇਚੇਦੀਗੀਆਂ ਵੱਧ ਰਹੀਆਂ ਹਨ, ਵਕੀਲਾਂ ਅਤੇ ਜੱਜ ਸਾਹਿਬਾਨ ਸਾਹਮਣੇ ਨਵੀਆਂ ਚੁਣੌਤੀਆਂ ਉਭਰ ਰਹੀਆਂ ਹਨ। ਉਨ੍ਹਾਂ ਨਿਆਂ ਪ੍ਰਣਾਲੀ ਨੂੰ ਚੁਸਤ-ਦਰੁਸਤ ਕਰਨ ਲਈ ਉੱਚ ਨੈਤਿਕ ਕਦਰਾਂ-ਕੀਮਤਾਂ ਨੂੰ ਅਪਨਾਉਣ 'ਤੇ ਜ਼ੋਰ ਦਿੱਤਾ। ਜ਼ਿਕਰਯੋਗ ਹੈ ਕਿ ਉਕਤ ਕਾਨਫਰੰਸ ਨਾਲ ਸਬੰਧਿਤ ਪਹਿਲਾਂ ਸੈਸ਼ਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਕਰਵਾਇਆ ਗਿਆ।



ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਸਮਰਪਿਤ ਇਹ ਕਾਨਫਰੰਸ ਅੰਮ੍ਰਿਤਸਰ ਜ਼ਿਲ੍ਹਾ ਬਾਰ ਦੇ ਸਹਿਯੋਗ ਨਾਲ ਕਰਵਾਈ ਗਈ। ਉਕਤ ਜੱਜ ਸਾਹਿਬਾਨ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਏ ਉੱਚੇ ਨੈਤਿਕ ਚਰਿੱਤਰ ਅਤੇ ਸੱਚੇ ਜੀਵਨ ਨੂੰ ਅਪਨਾ ਕੇ ਹੀ ਅਸੀ ਸਮਾਜ ਦੇ ਲੋੜੀਂਦੇ ਵਰਗ ਨੂੰ ਇਨਸਾਫ਼ ਦਿਵਾਉਣ 'ਚ ਕਾਮਯਾਬ ਹੋ ਸਕਦੇ ਹਾਂ। ਉਨ੍ਹਾਂ ਕਿਹਾ ਕਿ ਸਮਾਜ 'ਚ ਵੱਧ ਰਹੀ ਮੁਕੱਦਮੇਬਾਜ਼ੀ ਕਾਰਨ ਕਾਨੂੰਨੀ ਮਾਹਿਰਾਂ ਵੱਲੋਂ ਸਮੇਂ ਸਿਰ ਅਤੇ ਤੇਜ਼ੀ ਨਾਲ ਇਨਸਾਫ਼ ਪ੍ਰਦਾਨ ਕਰਨਾ ਇਕ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਾਨੂੰਨ ਦੇ ਵਿਦਿਆਰਥੀਆਂ ਨੂੰ ਵੱਡੇ ਸੁਪਨੇ ਦੇਖਣ, ਅਸਫ਼ਲਤਾਵਾਂ ਤੋਂ ਸਿੱਖਣ ਅਤੇ ਆਪਣੇ ਚੁਣੇ ਹੋਏ ਚੁਣੌਤੀਪੂਰਨ ਕਾਨੂੰਨੀ ਕਰੀਅਰ 'ਚ ਉਪਲਬੱਧੀਆਂ ਪ੍ਰਾਪਤ ਕਰਨ ਲਈ ਆਪਣੀ ਆਤਮਿਕ ਜਜਬੇ 'ਚ ਵਿਸ਼ਵਾਸ ਕਰਨ ਲਈ ਕਿਹਾ।

ਇਸ ਤੋਂ ਪਹਿਲਾਂ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਖ਼ਾਲਸਾ ਕਾਲਜ ਆਫ਼ ਲਾਅ ਦੇ ਡਾਇਰੈਕਟਰ ਡਾ. ਜਸਪਾਲ ਸਿੰਘ ਨਾਲ ਮਿਲ ਕੇ ਆਏ ਹੋਏ ਜੱਜ ਸਾਹਿਬਾਨ ਦਾ ਮੁਮੈਂਟੋ ਦੇ ਕੇ ਸਵਾਗਤ ਕੀਤਾ।

# ਸੈਂਸਰ ਦੇਰੀ ਕਾਰਨ ਭਾਰਤ ਵਿੱਚ ਅਜੇ ਨਹੀਂ ਰਿਲੀਜ਼ ਹੋਵੇਗੀ ਪੰਜਾਬੀ ਫਿਲਮ ਕਰਮੀ ਆਪੋ ਆਪਣੀ

(ਲੋਕ ਬਾਣੀ) ਬਹੁਤ ਹੀ ਉਡੀਕੀ ਜਾ ਰਹੀ ਪੰਜਾਬੀ ਫਿਲਮ ਕਰਮੀ ਆਪੋ ਆਪਣੀ ਦੇ ਨਿਰਮਾਤਾਵਾਂ ਨੇ ਭਾਰਤ ਲਈ ਫਿਲਮ ਦੇ ਰਿਲੀਜ਼ ਸ਼ਡਿਊਲ ਵਿੱਚ ਬਦਲਾਅ ਦਾ ਐਲਾਨ ਕੀਤਾ ਹੈ। ਸ਼ੁਰੂਆਤੀ ਤੌਰ ਤੇ ਫਿਲਮ ਦਸੰਬਰ ਵਿੱਚ ਰਿਲੀਜ਼ ਹੋਣ ਵਾਲੀ ਸੀ, ਪਰ ਸੈਂਸਰ ਦੀ ਦੇਰੀ ਕਾਰਨ ਇਹ ਫਿਲਮ ਮੱਧ ਜਨਵਰੀ 2025 ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਇਸ ਫੈਸਲੇ ਦਾ ਉਦੇਸ਼ ਦਰਸ਼ਕਾਂ ਲਈ ਦੇਖਣ ਦੇ ਅਨੁਕੂਲ ਅਨੁਭਵ ਅਤੇ ਪ੍ਰਚਾਰ ਸੰਬੰਧੀ ਗਤੀਵਿਧੀਆਂ ਦੇ ਨਾਲ ਸਹੀ ਤਾਲਮੇਲ ਨੂੰ ਯਕੀਨੀ ਬਣਾਉਣਾ ਹੈ।



ਇਸ ਦੌਰਾਨ, ਕਰਮੀ ਆਪੋ ਆਪਣੀ ਦਾ ਯੂ.ਐੱਸ. ਅਤੇ ਯੂ.ਕੇ. ਵਿੱਚ ਸਫਲਤਾਪੂਰਵਕ ਪ੍ਰੀਮੀਅਰ ਹੋਇਆ, ਜਿਸ ਨੂੰ ਅੰਤਰਰਾਸ਼ਟਰੀ ਦਰਸ਼ਕਾਂ ਤੋਂ ਭਰਵਾਂ ਹੁੰਗਾਰਾ ਮਿਲਿਆ। ਪ੍ਰੈਸ ਕਾਨਫਰੰਸ ਦੌਰਾਨ, ਫਿਲਮ ਦੇ ਨਿਰਦੇਸ਼ਕ, ਨਿਰਮਾਤਾ ਅਤੇ ਮੁੱਖ ਕਲਾਕਾਰਾਂ ਨੇ ਅੰਤਰਰਾਸ਼ਟਰੀ ਦਰਸ਼ਕਾਂ ਦੇ ਪਿਆਰ ਅਤੇ ਸਮਰਥਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਹਨਾਂ ਨੇ ਭਾਰਤੀ ਰਿਲੀਜ਼ ਨੂੰ ਮੁੜ ਤਹਿ ਕਰਨ ਦੇ ਫੈਸਲੇ ਨੂੰ ਵੀ ਸੰਬੋਧਿਤ ਕੀਤਾ।

ਯੂਐਸ ਅਤੇ ਯੂ.ਕੇ. ਵਿੱਚ ਇਸਦੇ ਸਫਲ ਪ੍ਰੀਮੀਅਰਾਂ ਤੋਂ ਬਾਅਦ, ਫਿਲਮ ਨਿਰਮਾਤਾ ਜਲਦੀ ਹੀ ਕੈਨੇਡਾ, ਆਸਟ੍ਰੇਲੀਆ, ਯੂਰਪ, ਦੁਬਈ ਅਤੇ ਨਿਊਜ਼ੀਲੈਂਡ ਵਿੱਚ ਰਿਲੀਜ਼ ਕਰਨ ਦਾ ਐਲਾਨ ਕਰਨਗੇ।

ਇਸ ਮੌਕੇ ਤੇ ਬੋਲਦਿਆਂ, ਕਰਮੀ ਆਪੋ ਆਪਣੀ ਦੇ ਪਿੱਛੇ ਦੂਰਦਰਸ਼ੀ, ਗੁਰਜਿੰਦਰਜੀਤ ਸਿੰਘ ਸਹੋਤਾ ਨੇ ਕਿਹਾ, ਸਾਡੀ ਫਿਲਮ ਨੂੰ ਅਮਰੀਕਾ ਅਤੇ ਯੂਕੇ ਵਿੱਚ ਮਿਲੇ ਭਰਵੇਂ ਹੁੰਗਾਰੇ ਨਾਲ ਅਸੀਂ ਬਹੁਤ ਖੁਸ਼ ਹਾਂ। ਹਾਲਾਂਕਿ, ਅਸੀਂ ਆਪਣੇ ਭਾਰਤੀ ਪ੍ਰਸ਼ੰਸਕਾਂ ਨੂੰ ਸਭ ਤੋਂ ਵਧੀਆ ਅਨੁਭਵ ਦੇਣਾ ਚਾਹੁੰਦੇ ਹਾਂ, ਅਤੇ ਇਸ ਲਈ, ਅਸੀਂ ਗੀਲੀਜ਼ ਨੂੰ ਮੁੜ-ਤਹਿ ਕਰਨ ਦਾ ਫੈਸਲਾ ਕੀਤਾ ਹੈ।

ਫਿਲਮ ਦੇ ਨਿਰਮਾਤਾਵਾਂ ਨੇ ਅੱਗੇ ਕਿਹਾ, ਕਰਮੀ ਆਪੋ ਆਪਣੀ ਸਿਰਫ ਇੱਕ ਫਿਲਮ ਨਹੀਂ ਬਲਕਿ ਪੰਜਾਬੀ ਸੱਭਿਆਚਾਰ ਅਤੇ ਕਦਰਾਂ ਕੀਮਤਾਂ ਦਾ ਜਸ਼ਨ ਹੈ। ਨਵੀਂ ਰਿਲੀਜ਼ ਮਿਤੀ ਦੇ ਨਾਲ, ਅਸੀਂ ਫਿਲਮ ਦੀ ਪਹੁੰਚ ਅਤੇ ਪ੍ਰਭਾਵ ਨੂੰ ਵਧਾਉਣ ਦੀ ਯੋਜਨਾ ਬਣਾ ਰਹੇ ਹਾਂ, ਇਸ ਨੂੰ ਉਹ ਸ਼ਾਨਦਾਰਤਾ ਪ੍ਰਦਾਨ ਕਰਦੇ ਹੋਏ ਜਿਸਦੀ ਇਹ ਅਸਲ ਵਿੱਚ ਹੱਕਦਾਰ ਹੈ।'

ਰੋਜ਼ਾਨਾ ਲੋਕ ਬਾਣੀ
www.lokbani

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgieries, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
82880 21797
82880 21798
WWW.JSDCGROUP.COM
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements
18+ MOUs with Industries
100% Scholarship Schemes
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
64 YEARS EDUCATIONAL EXCELLENCE
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING
HOTEL MANAGEMENT
MANAGEMENT & COMMERCE
DEGREE COURSES
PARAMEDICAL COURSES
POLYTECHNIC DIPLOMA
MEDIA & FASHION
INFORMATION TECHNOLOGY
LAW
TEACHER / PHYSICAL EDUCATION
NURSING TRAINING
ARCHITECTURE
INDUSTRIAL TRAINING INSTITUTE
LATERAL ENTRY ADMISSION INTO SECOND YEAR AVAILABLE
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565